ਸੰਖਿਪਤ ਸਿੱਖ ਨਾਮਧਾਰੀ ਇਤਿਹਾਸ

ਵਿਸ਼ਵ ਪੰਜਾਬੀ ਸੰਮੇਲਨ।

ਵਿਸ਼ਵ ਪੰਜਾਬੀ ਸੰਮੇਲਨ





Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana



ਵਿਸ਼ਵ ਪੰਜਾਬੀ ਸੰਮੇਲਨ
WORLD PUNJABI CONFERENCE
عالمی پنجابی کانفرنس

JASWANT SINGH KANWAL
Coordinator

PRITAM SINGH
General Secretary,

E/49, Sector 14,
CHANDIGARH-160014, INDIA.

ਜਸਵੰਤ ਸਿੰਘ ਕੰਵਲ
ਕੁਆਰਡੀਨੇਟਰ

ਪ੍ਰੀਤਮ ਸਿੰਘ
ਸਕੱਤਰ ਜਨਰਲ

ਈ-49, ਸੈਕਟਰ - 14
ਚੰਡੀਗੜ੍ਹ-160014, ਭਾਰਤ.

" ਵਿਸ਼ਵ ਪੰਜਾਬੀ ਸੰਮੇਲਨ "

(ਦੂਸਰੀ ਕਾਨਫਰੰਸ ਦੀ ਰੂਪ-ਰੇਖਾ, ਪ੍ਰੋਗਰਾਮ ਅਤੇ ਪ੍ਰਬੰਧ)

ਉਦੇਸ਼ :

ਵਿਸ਼ਵ ਦੇ ਤਕਰੀਬਨ ਹਰ ਹਿੱਸੇ ਵਿਚ ਪੰਜਾਬੀਆਂ ਦੇ ਪ੍ਰਵੇਸ਼ ਨਾਲ ਪੰਜਾਬੀ ਹੁਣ ਇਕ ਅੰਤਰ-ਰਾਸ਼ਟਰੀ ਭਾਈਚਾਰੇ ਦੇ ਰੂਪ ਵਿਚ ਵਿਸ਼ਵ ਮੰਚ ਉਤੇ ਉਭਰੇ ਹਨ। ਇਸ ਨਾਲ ਇਕ ਨਵੀਂ ਚੇਤਨਾ ਜਾਗੀ ਹੈ; ਕੁਝ ਨਵੀਆਂ ਚੁਣੌਤੀਆਂ ਸਾਹਮਣੇ ਆਈਆਂ ਹਨ; ਨਵੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ। ਇਨ੍ਹਾਂ ਹਾਲਤਾਂ ਵਿਚ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਗਈ ਹੈ ਕਿ ਵਿਸ਼ਵ ਭਰ ਦੇ ਪੰਜਾਬੀਆਂ ਲਈ ਇਕ ਸਭਿਆਚਾਰਕ ਫੋਰਮ ਹੋਣਾ ਚਾਹੀਦਾ ਹੈ ਜੋ ਕਿ ਸਾਂਝੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦਾ ਸਾਧਨ ਸਿੱਧ ਹੋਵੇਗਾ ਅਤੇ ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਵਿਚਕਾਰ ਤਾਲਮੇਲ ਦਾ ਕੰਮ ਕਰੇਗਾ। ਬਾਹਰ ਵਸਦੇ ਪੰਜਾਬੀ ਇਹ ਗੱਲ ਦਿਨ-ਬਦਿਨ ਮਹਿਸੂਸ ਕਰ ਰਹੇ ਹਨ ਕਿ ਆਰਥਿਕ ਤੌਰ ਤੇ ਪੱਕੇ ਪੈਰਾਂ ਤੇ ਖੜੇ ਹੋਣ ਦੇ ਨਾਲ ਨਾਲ ਉਨ੍ਹਾਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੀ ਪੰਜਾਬੀ ਕੌਮੀਅਤ ਦਾ ਇਕ ਸੁਚੱਜਾ ਬਿੰਬ ਵੀ ਉਜਾਗਰ ਕਰ ਸਕਣ। ਇਸ ਤਰ੍ਹਾਂ ਉਹ ਵੱਖ ਵੱਖ ਦੇਸ਼ਾਂ ਵਿਚ ਆਪਣੇ ਸਭਿਆਚਾਰਕ ਕਿਰਦਾਰ ਦੀ ਬਦੌਲਤ ਉਥੋਂ ਦੇ ਸਮਾਜ ਵਿਚ ਯੋਗ ਮਾਣ-ਮਰਿਯਾਦਾ ਪ੍ਰਾਪਤ ਕਰ ਸਕਣਗੇ। ਇਸ ਦੇ ਨਾਲ ਹੀ ਬਾਹਰ ਵਸਦੇ ਪੰਜਾਬੀਆਂ ਦੀਆਂ ਵੱਖ ਵੱਖ ਸਮੱਸਿਆਵਾਂ ਵੀ ਹਨ ਜਿਨ੍ਹਾਂ ਨੂੰ ਸਮਝਣਾ ਅਤੇ ਸੁਲਝਾਉਣਾ ਜ਼ਰੂਰੀ ਹੈ। ਉਪਰੋਕਤ ਮੰਤਵਾਂ ਲਈ "ਵਿਸ਼ਵ ਪੰਜਾਬੀ ਸੰਮੇਲਨ" ਦੇ ਸਿਲਸਿਲੇ ਨੂੰ ਆਰੰਭਿਆ ਗਿਆ ਹੈ।

ਪਹਿਲਾ ਵਿਸ਼ਵ ਪੰਜਾਬੀ ਸੰਮੇਲਨ :

ਯੂ.ਕੇ. ਵਿਖੇ ਪਿਛਲੇ ਸਾਲ ਜੂਨ ਵਿਚ ਪਹਿਲਾ "ਵਿਸ਼ਵ ਪੰਜਾਬੀ ਸੰਮੇਲਨ" ਆਯੋਜਿਤ ਕੀਤਾ ਗਿਆ ਸੀ ਜਿਸ ਵਿਚ ਭਾਰਤ, ਪਾਕਿਸਤਾਨ, ਹਾਲੈਂਡ, ਕੀਨੀਆ, ਸਿੰਘਾਪੁਰ, ਕੈਨੇਡਾ, ਅਮਰੀਕਾ ਆਦਿ ਤੋਂ ਤਕਰੀਬਨ 100 ਦੇ ਲਗਭਗ ਪੰਜਾਬੀ ਲੇਖਕਾਂ ਤੇ ਬੁਧੀਜੀਵੀਆਂ ਨੇ ਭਾਗ ਲਿਆ। ਇਹ ਕਾਨਫਰੰਸ 3 ਹਫਤੇ ਤੱਕ ਚਲਦੀ ਰਹੀ ਅਤੇ ਇਸ ਦੇ ਸਮਾਗਮ ਲੰਡਨ, ਕਵੈਂਟਰੀ, ਵੁਲਵਰਹੈਂਪਟਨ, ਮਾਨਚੈਸਟਰ, ਲੀਵਰਪੂਲ, ਗਲਾਸਗੋ, ਲੀਡਜ਼, ਔਕਸਫੋਰਡ, ਆਦਿ ਵਿਖੇ ਹੋਏ। ਇਸ ਕਾਨਫਰੰਸ ਵਿਚ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਪਹਿਲੂਆਂ ਬਾਰੇ 20 ਪਰਚਿਆਂ ਤੇ ਭਰਪੂਰ ਵਿਚਾਰ-ਵਟਾਂਦਰਾ ਹੋਇਆ। ਯੂ.ਕੇ. ਵਿਚ ਵਸਦੇ ਪੰਜਾਬੀਆਂ ਦੀਆਂ ਅਸਲੀ ਸਮੱਸਿਆਵਾਂ ਬਾਰੇ ਵੀ ਭਰਪੂਰ ਵਿਚਾਰ ਹੋਈ। ਇਸ ਕਾਨਫਰੰਸ ਵਿਚ ਪੰਜਾਬੀ ਦੇ ਤਕਰੀਬਨ ਸਾਰੇ ਮੁੱਖ ਲੇਖਕਾਂ ਨੇ ਭਾਗ ਲਿਆ। ਸਾਊਥਾਲ ਦੇ ਬ੍ਰਿਟਿਸ਼ ਪਾਰਲੀਮੈਂਟ ਦੇ ਮੈਂਬਰ ਸਿਡਨੀ ਬਿਡਵੈਲ ਦਾ ਪੂਰਾ ਪੂਰਾ ਸਹਿਯੋਗ ਕਾਨਫਰੰਸ ਨੂੰ ਪ੍ਰਾਪਤ ਹੋਇਆ। ਯੂ.ਕੇ. ਦੀਆਂ ਲੰਡਨ, ਆਕਸਫੋਰਡ ਅਤੇ ਕਈ ਹੋਰ ਯੂਨੀਵਰਸਿਟੀਆਂ ਵਿਚ ਵੀ ਸਮਾਗਮ ਹੋਏ। ਕਾਨਫਰੰਸ



ਵਿਸ਼ਵ ਪੰਜਾਬੀ ਸੰਮੇਲਨ
WORLD PUNJABI CONFERENCE
عالمی پنجابی کانفرنس

JASWANT SINGH KANWAL
Coordinator
PRITAM SINGH
General Secretary,
E/49, Sector 14,
CHANDIGARH-160014, INDIA.

ਜਸਵੰਤ ਸਿੰਘ ਕੰਵਲ
ਕੁਆਰਡੀਨੇਟਰ
ਪ੍ਰੀਤਮ ਸਿੰਘ
ਸਕੱਤਰ ਜਨਰਲ
ਈ-49, ਸੈਕਟਰ - 14
ਚੰਡੀਗੜ੍ਹ-160014, ਭਾਰਤ.

ਵਿਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਅੰਗਰੇਜ਼ ਬੁਧੀ ਜੀਵੀ ਜਿਵੇਂ ਕਿ ਪ੍ਰੋਫੈਸਰ ਸ਼ੈਕਲ, ਪ੍ਰੋਫੈਸਰ ਰਾਲਫਰਸਲ, ਲੰਡਨ ਯੂਨੀਵਰਸਿਟੀ, ਪ੍ਰੋਫੈਸਰ ਡੀਮੈਂਟ, ਆਕਸਫੋਰਡ ਯੂਨੀਵਰਸਿਟੀ ਨੇ ਵੀ ਭਾਗ ਲਿਆ। ਬ੍ਰਿਟਿਸ਼ ਪ੍ਰੈਸ, ਟੈਲੀਵੀਜ਼ਨ, ਬੀ.ਬੀ.ਸੀ. ਅਤੇ ਲੋਕਲ ਰੇਡੀਓ ਨੇ ਇਸ ਸੰਮੇਲਨ ਸਬੰਧੀ ਉਚੇਚੇ ਪ੍ਰੋਗਰਾਮ ਪ੍ਰਸਤੁਤ ਕੀਤੇ। ਪਹਿਲੇ 'ਵਿਸ਼ਵ ਪੰਜਾਬੀ ਸੰਮੇਲਨ' ਦੇ ਅੰਤਲੇ ਸਮਾਗਮ ਤੇ ਇਹ ਸਿਲਸਿਲਾ ਜਾਰੀ ਰੱਖਣ ਲਈ ਇਕ ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਬਣਾਈ ਗਈ।

ਦੂਸਰਾ "ਵਿਸ਼ਵ ਪੰਜਾਬੀ ਸੰਮੇਲਨ":

ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਦੀਆਂ ਕੁਝ ਮੀਟਿੰਗਾਂ ਹੋਈਆਂ ਹਨ ਜਿਨ੍ਹਾਂ ਵਿਚ ਦੂਸਰੇ ਸੰਮੇਲਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕੀਨੀਆ, ਕੈਨੇਡਾ, ਅਮਰੀਕਾ ਅਤੇ ਦੱਖਣ ਪੂਰਬ ਏਸ਼ੀਆ ਵਿਖੇ ਦੂਸਰਾ ਸੰਮੇਲਨ ਕਰਨ ਸਬੰਧੀ ਜੋ ਸੱਦੇ ਪੱਤਰ ਪ੍ਰਾਪਤ ਹੋਏ ਉਨ੍ਹਾਂ ਬਾਰੇ ਵਿਚਾਰ ਕਰਨ ਉਪਰੰਤ ਤਾਲਮੇਲ ਕਮੇਟੀ ਨੇ ਇਹ ਨਿਰਨਾ ਕੀਤਾ ਕਿ ਕਿਉਂਕਿ ਪਹਿਲਾ ਸੰਮੇਲਨ ਯੋਰਪ ਵਿਚ ਹੋਇਆ ਹੈ ਇਸ ਲਈ ਦੂਸਰਾ ਸੰਮੇਲਨ ਏਸ਼ੀਆ ਵਿਖੇ ਕੀਤਾ ਜਾਵੇ - ਖਾਸ਼ ਤੌਰ ਤੇ ਸਿੰਘਾਪੁਰ, ਮਲੇਸ਼ੀਆ ਅਥਵਾਂ ਥਾਈਲੈਂਡ ਵਿਖੇ ਜਿੱਥੇ ਪੰਜਾਬੀਆਂ ਦੀ ਕਾਫੀ ਵੱਸੋਂ ਹੈ।

ਇਹ ਵੀ ਨਿਰਨਾ ਕੀਤਾ ਗਿਆ ਹੈ ਕਿ ਦੂਸਰੇ ਵਿਸ਼ਵ ਸੰਮੇਲਨ ਦੇ ਵਿਸ਼ੇ ਸਬੰਧੀ ਆਕਾਰ ਨੂੰ ਵਿਸਤ੍ਰਿਤ ਕੀਤਾ ਜਾਵੇ ਯਾਨੀ ਪੰਜਾਬੀ ਸਭਿਆਚਾਰ ਦੇ ਕਿਸੇ ਨਾ ਕਿਸੇ ਪਹਿਲੂ ਨੂੰ ਵਿਸ਼ਵ ਪੱਧਰ ਤੇ ਉਜਾਗਰ ਕੀਤਾ ਜਾਵੇ। ਇਸ ਸਿਲਸਿਲੇ ਵਿਚ ਇਹ ਨਿਰਨਾ ਕੀਤਾ ਗਿਆ ਹੈ ਕਿ ਦੂਸਰੇ ਵਿਸ਼ਵ ਪੰਜਾਬੀ ਸੰਮੇਲਨ ਦਾ ਇਕ ਵਿਸ਼ੇਸ਼ ਸਮਾਗਮ ਸਤਿਗੁਰੂ ਰਾਮ ਸਿੰਘ ਜੀ ਸਬੰਧੀ ਕੀਤਾ ਜਾਵੇ ਜਿਸ ਵਿਚ ਆਪ ਦੇ ਮਹਾਨ ਮਿਸ਼ਨ ਅਤੇ ਇਤਿਹਾਸਕ ਦੇਣ ਨੂੰ ਸਮੂਹ ਪੰਜਾਬੀ ਜਗਤ ਅਤੇ ਵਿਸ਼ਵ ਪੱਧਰ ਤੇ ਪ੍ਰਸਤੁਤ ਕੀਤਾ ਜਾਵੇ।

ਦੂਸਰੇ ਵਿਸ਼ਵ ਸੰਮੇਲਨ ਵਿਚ ਵੱਖ ਵੱਖ ਦੇਸ਼ਾਂ ਤੋਂ ਤਕਰੀਬਨ 100 ਦੇ ਨੇੜੇ ਤੇੜੇ ਲੇਖਕ ਸ਼ਾਮਲ ਹੋਣਗੇ। ਰੂਸ, ਨਿਊਜ਼ੀਲੈਂਡ ਅਤੇ ਹੋਰ ਮੁਲਕਾਂ ਵਿਚ ਜੋ ਬਦੇਸ਼ੀ ਵਿਦਵਾਨ ਪੰਜਾਬੀ ਸਭਿਆਚਾਰ ਬਾਰੇ ਖੋਜ ਕਰ ਰਹੇ ਹਨ, ਉਨ੍ਹਾਂ ਨੂੰ ਵੀ ਸੱਦਾ ਪੱਤਰ ਭੇਜਿਆ ਜਾਵੇਗਾ। ਮੇਜ਼ਬਾਨ ਦੇਸ਼ ਦੇ ਲੇਖਕਾਂ ਨਾਲ ਵੀ ਇਕ ਵਿਸ਼ੇਸ਼ ਮਿਲਣੀ ਕੀਤੀ ਜਾਵੇਗੀ ਤਾਂਕਿ ਪੰਜਾਬੀ ਲੇਖਕਾਂ ਅਤੇ ਬਾਹਰਲੇ ਲੇਖਕਾਂ ਵਿਚ ਵਿਚਾਰਾਂ ਦਾ ਅਦਾਨ ਪ੍ਰਦਾਨ ਹੋ ਸਕੇ।

ਪ੍ਰਬੰਧ:

ਪ੍ਰਬੰਧ ਲਈ ਵਿਅਕਤੀਗਤ ਯਤਨਾਂ ਦੇ ਨਾਲ ਨਾਲ ਕਿਸੇ ਸੰਗਠਨ ਦੀ ਟੇਕ ਵੀ ਜ਼ਰੂਰੀ ਹੈ। ਪਹਿਲੇ ਵਿਸ਼ਵ ਸੰਮੇਲਨ ਦੇ ਪ੍ਰਬੰਧ ਸਬੰਧੀ ਯੂ.ਕੇ. ਦੀਆਂ ਸਿੱਖ ਸਭਾਵਾਂ, ਹਿੰਦੂ ਅਤੇ ਮੁਸਲਿਮ ਸੰਸਥਾਵਾਂ ਨੇ ਬੀੜਾ ਉਠਾਇਆ ਸੀ ਅਤੇ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਹਰ ਪੱਖੋਂ ਭਲੀ-ਭਾਂਤ ਨਿਭਾਇਆ ਸੀ। ਇਸੇ



ਵਿਸ਼ਵ ਪੰਜਾਬੀ ਕਾਨਫਰੰਸ
WORLD PUNJABI CONFERENCE
عالمی پنجابی کانفرنس

JASWANT SINGH KANWAL
Coordinator

PRITAM SINGH
General Secretary,

E/49, Sector 14,
CHANDIGARH-160014, INDIA.

ਜਸਵੰਤ ਸਿੰਘ ਕੰਵਲ
ਕੁਆਰਡੀਨੇਟਰ

ਪ੍ਰੀਤਮ ਸਿੰਘ
ਸਕੱਤਰ ਜਨਰਲ

ਈ-49, ਸੈਕਟਰ - 14
ਚੰਡੀਗੜ੍ਹ-160014, ਭਾਰਤ.

ਪ੍ਰਕਾਸ਼ ਦੂਸਰੇ ਵਿਸ਼ਵ ਸੰਮਿਲਨ ਦੇ ਆਯੋਜਨ ਸਬੰਧੀ ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਨ੍ਹਾਂ ਦੇ ਨਾਮਧਾਰੀ ਸੰਗਠਨ ਦੀ ਓਟ, ਸਹਾਇਤਾ ਅਤੇ ਸਹਿਯੋਗ ਦੀ ਅਭਿਲਾਸ਼ੀ ਹੈ। ਕਿਉਂਕਿ ਪਾਵਨ ਨਾਮਧਾਰੀ ਮਿਸ਼ਨ ਦਾ ਦੱਖਣ-ਪੂਰਬੀ ਏਸ਼ੀਆ ਦੇ ਮੁਲਕਾਂ ਵਿਚ ਬਹੁਤ ਡੂੰਘਾ ਤੇ ਵਿਸਤ੍ਰਿਤ ਪ੍ਰਭਾਵ ਹੈ। ਇਸ ਤੋਂ ਇਲਾਵਾ ਦੱਖਣ-ਪੂਰਬੀ ਏਸ਼ੀਆਂ ਦੇ ਦੇਸ਼ਾਂ ਦੀਆਂ ਸਿੰਘ ਸਭਾਵਾਂ, ਖਾਲਸਾ ਐਸੋਸੀਏਸ਼ਨ, ਨੌਜਵਾਨ ਪੰਜਾਬੀ ਲਿਖਾਰੀ ਸਭਾ, ਕੁਆਲਾ ਦਾ ਸਹਿਯੋਗ ਵੀ ਪ੍ਰਾਪਤ ਕੀਤਾ ਜਾਵੇਗਾ।

ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਦਾ ਇਹ ਵਿਚਾਰ ਹੈ ਕਿ ਦੂਸਰਾ ਸੰਮੇਲਨ ਸਿੰਘਾਪੁਰ/ ਮਲੇਸ਼ੀਆ/ਥਾਈਲੈਂਡ ਵਿਖੇ ਕੀਤਾ ਜਾਵੇ। ਇਹ ਸੰਮਿਲਨ 4 ਤੋਂ 6 ਦਿਨਾਂ ਤੱਕ ਦਾ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ 2-3 ਦਿਨ ਸਮਾਗਮ ਸਿੰਘਾਪੁਰ ਹੋਵੇ ਅਤੇ ਅਗਲੇ ਦੋ ਦਿਨ ਮਲੇਸ਼ੀਆ ਵਿਖੇ ਅਤੇ 2-3 ਦਿਨ ਥਾਈਲੈਂਡ ਵਿਖੇ।

ਹੋਸਟ ਦੇਸ਼ਾਂ ਦੀ ਇਕ ਉਚ-ਪੱਧਰੀ ਕੌਮੀ ਤਿਆਰੀ ਕਮੇਟੀ ਸਥਾਪਤ ਕੀਤੀ ਜਾਵੇਗੀ ਜੋ ਸਾਰੇ ਪ੍ਰਬੰਧ ਨੂੰ ਆਪਣੇ ਹੱਥ ਵਿਚ ਲਵੇਗੀ। ਬਾਹਰੋਂ ਆਏ ਲੇਖਕਾਂ ਦੀ ਰਿਹਾਇਸ਼, ਖਾਣ-ਪੀਣ ਅਤੇ ਆਵਾਜਾਈ ਸਬੰਧੀ ਜ਼ਿੰਮੇਵਾਰੀ ਇਸ ਕੌਮੀ ਤਿਆਰੀ ਕਮੇਟੀ ਨੂੰ ਸੌਂਪੀ ਜਾਵੇਗੀ। ਇਸ ਕਮੇਟੀ ਵੱਲੋਂ ਇਕ ਬਰੋਸ਼ਰ ਵੀ ਤਿਆਰ ਕਰਵਾਇਆ ਜਾਵੇਗਾ। ਇਹ ਬਰੋਸ਼ਰ ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਵੱਲੋਂ ਪ੍ਰਕਾਸ਼ਤ ਹੋਵੇਗਾ। ਸੰਮੇਲਨ ਵਿਚ ਪੜ੍ਹੇ ਜਾਣ ਵਾਲੇ ਪਰਚੇ ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਵੱਲੋਂ ਲਿਖਵਾਏ ਅਤੇ ਛਪਵਾਏ ਜਾਣਗੇ। ਪਰਚਿਆਂ ਦੇ ਲੇਖਕਾਂ ਅਤੇ ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਦੇ ਮੈਂਬਰਾਂ ਦਾ ਕਿਰਾਇਆ ਸੰਭਵ ਹੱਦ ਤੱਕ ਸਬਸਿਡਾਈਜ਼ ਕੀਤਾ ਜਾਵੇਗਾ।

ਅੰਤਰ-ਰਾਸ਼ਟਰੀ ਤਾਲਮੇਲ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਖਰਚੇ ਦਾ ਕੱਚਾ ਪੱਕਾ ਅਨੁਮਾਨ 50 ਹਜ਼ਾਰ ਰੁਪਏ ਤੋਂ 75 ਹਜ਼ਾਰ ਰੁਪਏ ਤੱਕ ਹੈ। ਦੂਸਰੇ ਸੰਮਿਲਨ ਦਾ ਵਿਸ਼ਾ ਨਿਰਧਾਰਨ ਅਤੇ ਤਿਆਰੀ ਸਬੰਧੀ ਇਕ ਉਚ-ਪੱਧਰੀ ਜਨਰਲ ਕਾਨਫਰੰਸ ਕਮੇਟੀ ਬਣਾਈ ਜਾਵੇਗੀ। ਤਾਲਮੇਲ ਕਮੇਟੀ ਨੇ ਇਸ ਉਚ-ਪੱਧਰੀ ਜਨਰਲ ਕਾਨਫਰੰਸ ਕਮੇਟੀ ਦਾ ਮੁੱਖ ਸਰਪ੍ਰਸਤ ਬਣਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬੇਨਤੀ ਕਰਨ ਦਾ ਨਿਰਨਾ ਕੀਤਾ ਹੈ ਤਾਕਿ ਆਪ ਦੇ ਆਸ਼ੀਰਵਾਦ ਅਤੇ ਸਹਿਯੋਗ ਸਦਕਾ ਇਹ ਇਤਿਹਾਸਕ ਕਾਰਜ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਸਕੇ। ਮੁੱਖ ਸਰਪ੍ਰਸਤ ਤੋਂ ਇਲਾਵਾ 10 ਹਜ਼ਾਰ ਰੁਪਏ ਜਾਂ ਇਸ ਤੋਂ ਵੱਧ ਮਾਇਕ ਸਹਾਇਤਾ ਦੇਣ ਵਾਲੇ ਉਘ ਪੰਜਾਬੀ ਪਤਵੰਤੇ ਨੂੰ ਸਰਪ੍ਰਸਤ ਦੇ ਤੌਰ ਤੇ ਸਬੰਧਤ ਕੀਤਾ ਜਾਵੇਗਾ। ਜਨਰਲ ਕਾਨਫਰੰਸ ਕਮੇਟੀ ਦੀ ਪ੍ਰਧਾਨਗੀ ਲਈ ਮਹਾਰਾਜ ਬੀਰ ਸਿੰਘ ਜੀ ਨੂੰ ਸਨਿਮਰ ਬੇਨਤੀ ਕਰਨ ਦਾ ਨਿਰਨਾ ਕੀਤਾ ਗਿਆ ਹੈ।

ਚੁਣੇ ਹੋਏ ਦੇਸ਼ ਵਿਚ ਕਾਨਫਰੰਸ ਦੀ ਤਿਆਰੀ ਸਬੰਧੀ ਅਤੇ ਖਾਸ ਤੌਰ ਤੇ ਉਥੋਂ ਦੀ ਕੌਮੀ ਤਿਆਰੀ ਕਮੇਟੀ ਬਣਾਏ ਜਾਣ ਸਬੰਧੀ ਇਹ ਨਿਰਨਾ ਕੀਤਾ ਗਿਆ ਹੈ ਕਿ ਤਾਲਮੇਲ ਕਮੇਟੀ ਦੇ 2 ਮੈਂਬਰ ਮਹ ਬੀਰ ਸਿੰਘ ਜੀ ਦੀ ਛਤਰ-ਛਾਇਆ ਹੇਠ ਉਨ੍ਹਾਂ ਨਾਲ ਚੁਣੇ ਹੋਏ ਦੇਸ਼ਾਂ ਦੀ ਯਾਤਰਾ ਕਰਨ ਤਾਕਿ ਇਸ ਸੰਮਿਲਨ ਦੇ ਵੇਰਵੇ ਸਬੰਧੀ ਵਿਸਥਾਰ-ਪੂਰਵਕ ਵਿਚਾਰ-ਵਟਾਂਦਰਾ ਕਰਕੇ ਨਿਰਨੇ ਲਏ ਜਾ ਸਕਣ।

ਇਹ ਸੰਮੇਲਨ ਇਸੇ ਸਾਲ ਨਵੰਬਰ - ਦਸੰਬਰ ਵਿਚ ਕੀਤੇ ਜਾਣ ਦਾ ਵਿਚਾਰ ਹੈ।

[illegible] ਸਾਖ ਸਾਖ ਤੇ ਵਿਚਾਰ [illegible] ੧੦ ਪੰਨੇ

[illegible]

[illegible] ਗੁਰ ਦੇ [illegible]

ਗੁਰ ਦਰਬਾਰ ਪ੍ਰਥਾ ਰਾਗ ਰਾਗਣੀਆਂ [illegible] ੨੭

ਦਰਬਾਰੀ ਗੁਰ ਸਾਖੀਆਂ [illegible] । ੫੧ [illegible]

ਰਾਮਨੌਮੀ ਮਹਿਮਾ ਵਿਚ ਗੁਰੂ ਦੇ ਦਰਬਾਰ ਦਾ ਦਸਤੂਰ (ਪਿਤਾ ਜੀ — ੧੦

ਕੀ ਹੈ ਗੁਰ ਦਰਬਾਰ ਪਹੁੰਚੇ ੨੪ "

ਮਾਲਕ ਸਤਿਗੁਰ ਵਿਚ ਗੁਰ ਦਰਬਾਰ ੨੫ "

ਗੁਰ ਦੇ ਦਰਬਾਰ ਤਕ ਕਿਵੇਂ ਜਾਈਏ ੩੦ "

ਗੁਰ ਦੇ ਦਰਬਾਰ ਦੇ [illegible] ੩੪

[illegible] ਵਿਚ ਗੁਰ ਦਰਬਾਰ [illegible] ੪੬

~~[illegible]~~

ਵਿਸ਼ਵ ਗੁਰ ਦਰਬਾਰ [illegible] ੬੨

[illegible] ਦਰਬਾਰ [illegible] [illegible]

[illegible] ਗੁਰ ਦਰਬਾਰ [illegible] [illegible]

[illegible] [illegible] ਗੁਰ ਦਰਬਾਰ [illegible]

[illegible] । ਗੁਰ ਦਰਬਾਰ [illegible] ੫

[illegible] ਗੁਰ ਦਰਬਾਰੀ [illegible]

[illegible] ਦਰਬਾਰ [illegible]

ਗੁਰ ਦਰਬਾਰੀ [illegible]

[illegible] । ਗੁਰ ਦੇ ਦਰਬਾਰ [illegible]

[illegible] । ਗੁਰ ਦਰਬਾਰੀ [illegible] ।

[illegible] ਦੇ ਗੁਰ ਦਰਬਾਰ [illegible]

[illegible] ਦਰਬਾਰ [illegible]

[illegible] ਗੁਰ ਦੇ ਦਰਬਾਰ [illegible]

[illegible] । ਗੁਰ ਦੇ ਦਰਬਾਰ [illegible] । ੫੨

੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸੰਖਿਪਤ ਸਿਖ ਨਾਮਧਾਰੀ ਇਤਿਹਾਸ॥

ਸਿਖ ਧਰਮ ਭਾਰਤੀਯ ਸਨਾਤਨ ਧਰਮ ਦਾ ਵਿਕਸਤ ਆਧੁਨਿਕ ਸੰਸ਼ੋਧਿਤ ਸਰੂਪ ਹੈ॥ 'ਪਰਿਵਰਤਨ' ਪ੍ਰਕਿਰਤੀ ਦਾ ਨੀਯਮ ਹੈ ਅਤੇ ਏਸੇ ਨੀਯਮ ਦੇ ਅਧੀਨ ਮਾਨਵ ਸਮਾਜ, ਅਨੇਕ ਵਾਰ ਉਥਾਨ ਅਤੇ ਪਤਨ ਹੋਇਆ ਹੈ॥ ਇਹ ਉਨਤੀ ਅਤੇ ਅਵਨਤੀ ਦਾ ਚੱਕਰ ਰੁਕ ਸਕਣਾ ਸੰਭਵ ਨਹੀਂ ਜਾਪਦਾ ਭਾਵੇਂ ਪਤਨ ਜਾਂ ਅਵਨਤੀ ਵਲ ਤਾਂ ਮਨੁਖ ਸੁਭਾਵਕ ਹੀ ਅਗ੍ਰਸਰ ਹੋਂਦਾ ਰਹਿੰਦਾ ਹੈ ਜਿਵੇਂ ਪਾਣੀ ਸੁਭਾਵਕ ਹੀ ਹੇਠਲੇ ਪਾਸੇ ਨੂੰ ਵਹਿੰਦਾ ਰਹਿੰਦਾ ਹੈ ਪਰ ਜੇ ਪਾਣੀ ਨੂੰ ਉਪਰ ਚੜ੍ਹਾਨਾ ਹੋਵੇ ਤਾਂ ਸ਼ਕਤੀ ਅਤੇ ਜੁਗਤੀ ਦੀ ਲੋੜ ਹੁੰਦੀ ਹੈ॥ ਇਸੇ ਤਰਾਂ ਹੀ ਮਾਨਵ ਸਮਾਜ ਦਾ ਉਥਾਨ ਜਾਂ ਉਨਤੀ ਸਦਾ ਹੀ ਕਿਸੇ ਮਹਾਨ ਪੁਰਸ਼ ਗੁਰੂ ਅਵਤਾਰ ਰਾਹੀਂ ਹੀ ਹੋਈ ਹੈ॥ ਅਤੇ ਬਿਨਾ ਕਿਸੇ ਗੁਰੂ ਮਹਾਂਪੁਰਖ ਤੋਂ ਕਦੀ ਭੀ ਮਨੁਖ ਨੇ ਆਪਣੇ ਆਪ ਉਥਾਨ ਜਾਂ ਉਨਤੀ ਵਲ ਕਦਮ ਨਹੀਂ ਚੁਕਿਆ॥

ਭਾਰਤ ਵਿਚ ਅਨੇਕ ਹੀ ਰਿਸ਼ੀ ਮੁਨੀ ਅਤੇ ਗੁਰੂ ਅਵਤਾਰ ਹੋਏ ਹਨ ਜਿਨਾ ਨੇ ਮਨੁਖ ਨੂੰ ਧਰਮ ਦੀ ਸੂਝ ਦਿਤੀ ਤੇ ਪਾਪ ਕਰਮ ਤੋਂ ਬਚਾਇਆ॥ ਸਿਖ ਗੁਰੂ ਸਾਹਿਬਾਨ ਨੇ ਭੀ ਇਸੇ ਸਨਾਤਨ ਧਰਮ ਦੀ ਰਖਿਆ ਲਈ ਹੀ ਸੰਸਾਰ ਤੇ ਅਵਤਾਰ ਧਾਰਨ ਕੀਤਾ ਸੀ॥ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਭੱਟ ਗੁਰੂ ਗੁਰੂ ਰਾਮਦਾਸ ਜੀ ਦੀ ਸਿਫ਼ਤ ਕਰਦਿਆਂ ਲਿਖਿਆ ਹੈ :—

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
+ (ਆਖ) ਕਲਿਜੁਗਿ ਪ੍ਰਮਾਣੁ ਨਾਨਕ ਅੰਗਦ ਅਮਰ ਕਹਾਇਓ॥
ਸ੍ਰੀ ਗੁਰੂ ਰਾਜੁ ਅਬਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

ਭਾਵ ਇਹ ਕਿ ਹੇ ਗੁਰੂ ਰਾਮਦਾਸ ਤੂੰ ਹੀ ਸਤਿਜੁਗ ਵਿਚ ਬਾਵਨ ਅਵਤਾਰ ਹੋਕੇ ਬਲਿ ਰਾਜੇ ਨੂੰ ਛਲਿਆ ਸੀ ਤੇ ਤੂੰਹੀ ਤ੍ਰੇਤੈ ਜੁਗ ਵਿਚ ਰਘੂਆਂ ਦੀ ਕੁਲ ਵਿਚ ਰਾਮ ਕਹਾਇਆ ਸੀ ਫਿਰ ਦੁਆਪੁਰ ਜੁਗ ਵਿਚ ਕ੍ਰਿਸ਼ਨ ਬਨ ਕੰਸ ਨੂੰ ਮਾਰ ਕੇ ਉਗ੍ਰਸੈਨ ਨੂੰ ਰਾਜ ਦਿਤਾ ਤੇ ਆਪਣੇ ਭਗਤਾਂ ਨੂੰ ਅਭੈ ਕੀਤਾ ਤੇ ਹੁਣ ਕਲਿਜੁਗ ਵਿਚ ਨਾਨਕ-ਅੰਗਦ ਤੇ ਅਮਰਦਾਸ ਭੀ ਤੂੰ ਹੀ ਕਹਾਇਆ ਹੈਂ। ਹੇ ਸ੍ਰੀ ਗੁਰੂ ਜੀ ਤੇਰਾ ਰਾਜ ਅਬਚਲ ਹੈ ਅਤੇ ਸਦਾ ਰਹਿਣ ਵਾਲਾ ਹੈ ਇਹ ਹੁਕਮ ਤਾਂ ਧੁਰੋਂ ਹੀ ਆਦਿਪੁਰਖ ਨਿਰੰਕਾਰ ਕਰਤਾ ਪੁਰਖ ਦਾ ਹੈ॥ ਭਾਵ ਇਹ ਸਤਿ ਨੀਯਮ ਹੈ ਗੁਰੂ ਦਾ ਹੋਣਾ॥

ਗੁਰੂ ਨਾਨਕ — ਸ੍ਰੀ ਗੁਰੂ ਨਾਨਕ ਜੀ ਦਾ ਅਵਤਾਰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਕਤਕ ਦੀ ਪੂਰਨਮਾਸ਼ੀ ਨੂੰ ਸੰਮਤ ਬਿਕ੍ਰਮੀ ੧੫੨੬ ਵਿਚ ਪਿਤਾ ਕਾਲੂ (ਕਲਿਆਣ ਦਾਸ) ਅਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਹਿ ਵਿਖੇ ਹੋਇਆ ਸੀ॥ ਉਨ੍ਹਾਂ ਦਿਨਾਂ ਵਿਚ ਭਾਰਤ ਦੀ ਦੁਰਦਸ਼ਾ ਦਾ ਵਰਨਣ ਜਿਵੇਂ ਇਤਿਹਾਸ ਵਿਚੋਂ ਮਿਲਦਾ ਹੈ ਬੜਾ ਹੀ ਹੈਰਾਨਕੁਨ ਤੇ ਹਿਰਦਾ ਵੇਧਕ ਹੈ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਉਸ ਸਮੇਂ ਦਾ ਹਾਲ ਇਸ ਤਰ੍ਹਾਂ ਲਿਖਦੇ ਹਨ:—

ਪੱਸਰ ਰਹੇ ਮੁਗਲ ਪਠਾਨ। ਜ਼ਾਲਮ ਤੁਰਕ ਜਬਰੀ ਬਲਵਾਨ॥
ਹਿੰਦੂਨ ਕੋ ਦੁਖ ਦੇਤ ਮਹਾਂਈ। ਦੇਵਨ ਕੇ ਮੰਦਰ ਗਿਰਵਾਏ।
ਖੰਡ ਸਾਧ ਸੇ ਅਦਾਪਤ ਸਾਧੂ। ਪੰਡਿਤ ਦੰਡ ਸੇ ਸੁਮਤਿ ਅਗਾਧੂ॥
ਕੇਚਿਤ ਕੰਨੇ ਚੰਮ ਮੜ੍ਹਾਏ। ਕੇਚਿਤ ਕੁਟਿਓ ਸੇ ਤੁੜਵਾਏ॥
ਤੁਰਕ ਹੋਵਨ ਜਿਨ੍ਹੇ ਨ ਮਾਨਿਓ। ਤਿਨ ਤਿਨ ਕੋ ਅਤਿ ਦੁਖ ਦੈ ਹਾਨਿਓ॥
ਖੱਗ ਹਦਨ ਕੋਈ ਕਰਨ ਨ ਪਾਵੈ। ਰੋਂ ਜੋ ਤਾਹਿ ਦੁਖ ਦੇ ਮਰਵਾਏ॥
ਸੁੰਦਰ ਪਿਖੈਂ ਜਾਹਿ ਕੀ ਤਰਨੀ। ਪਕਰ ਲੈਂ ਬਲ ਸਿਉ ਨਿਜ ਘਰਨੀ॥
ਕਾਜ਼ੀ ਫ਼ਿਸਾਦ ਕੋਰਣ ਸਾਰੈਂ। ਸਾਚੇ ਕੋ ਝੂਠਾ ਕਰ ਡਾਰੈਂ॥

ਅਜੇਹੇ ਭਿਆਨਕ ਦੁਖਦਾਇਕ ਸਮੇਂ ਵਿਚ ਜਦੋਂ ਦੁਖੀਆਂ ਦੀ ਪੁਕਾਰ ਸੁਨਣ ਵਾਲਾ ਸੰਸਾਰ ਵਿਚ ਕੋਈ ਨਾ ਰਿਹਾ ਤਾਂ ਇਹ ਦਰਦ ਭਰੀ ਪੁਕਾਰ ਈਸ਼ਵਰ ਦੀ ਦਰਗਾਹ ਵਿਚ ਪਹੁੰਚੀ ਜਿਸ ਦਾ ਅਟਲ ਨੇਮ ਹੈ ਕਿ ਜਦੋਂ ਭੀ ਸੰਸਾਰ ਤੇ ਪਾਪ ਉਪੱਦ੍ਰਵ ਵਧ ਜਾਂਦੇ ਹਨ ਤਾਂ ਪ੍ਰਭੂ ਆਪ ਮਨੁਖ ਸਰੂਪ ਵਿਚ ਅਵਤਾਰ ਧਾਰ ਕੇ ਅਤਿਆਚਾਰਾਂ ਤੋਂ ਸੰਸਾਰ ਦੇ ਦੁਖ ਦੂਰ ਕਰ ਕੇ ਪਾਪ ਦਾ ਨਾਸ਼ ਤੇ ਧਰਮ ਦੀ ਸਥਾਪਨਾ ਕਰਦਾ ਹੈ॥ ਗੋਸਵਾਮੀ ਤੁਲਸੀ ਦਾਸ ਜੀ ਨੇ ਲਿਖਿਆ ਹੈ:—

ਜਬ ਜਬ ਹੋਇ ਧਰਮ ਕੀ ਹਾਨੀ।
ਬਾਢਹਿ ਅਸੁਰ ਅਧਮ ਅਭਿਮਾਨੀ॥
ਤਬ ਤਬ ਪ੍ਰਭੁ ਧਰ ਮਨੁਜ ਸਰੀਰਾ॥
ਹਰਹਿਂ ਕ੍ਰਿਪਾਨਿਧਿ ਸਜਨ ਪੀਰਾ॥

~~ਅਤੇ ਇਸੇ ਤਰ੍ਹਾਂ ਹੀ~~ ਭਗਵਾਨ ਕ੍ਰਿਸ਼ਨ ਨੇ ਭੀ ਗੀਤਾ ਅੰਦਰ ਇਸ ਸਿਧਾਂਤ ਦੀ ਸਥਾਪਨਾ ਇਸ ਤਰ੍ਹਾਂ ਕੀਤੀ ਸੀ:—

ਯਦਾ ਯਦਾ ਹਿ ਧਰਮਸਯ ਗਲਾਨਿਰ ਭਵਤਿ ਭਾਰਤ॥
. . . .
ਧਰਮ ਸੰਸਥਾਪਨਾਰਥਾਏ ਸੰਭਵਾਮੀ ਯੁਗੇ ਯੁਗੇ॥

ਜਿਸ ਦਾ ਭਾਵ ਹੈ ਕਿ:—

ਗਿਲਾਨੀ ਧਰਮ ਕੀ ਹੋਤੀ ਹੈ ਜਬ ਅੰਧਕਾਰ ਹੋਤਾ ਹੈ ॥
ਗੁਨਾਹੋਂ ਕਾ ਜ਼ਮਾਨਾ ਪਾਪ ਮੇਂ ਸੰਸਾਰ ਹੋਤਾ ਹੈ ॥
ਤੋ ਠੋਕਰ ਸੇ ਸੰਤਾਂ ਪੁਰਸ਼ੋਂ ਕੀ ਬੇੜਾ ਪਾਰ ਹੋਤਾ ਹੈ ॥
ਅੱਖਾਂ ਉਸ ਵਕਤ ਕੋਈ ਹਸਤੀਏ ਪੁਰਨੂਰ ਹੋਤੀ ਹੈ ॥
ਤੋ ਪਾਪੋਂ ਕੀ ਸਿਆਹੀ ਨੂਰ ਸੇ ਕਾਫ਼ੂਰ ਹੋਤੀ ਹੈ ॥

ਜਦੋਂ ਸੰਸਾਰ ਦੀ ਅਜੇਹੀ ਹਾਲਤ ਸੀ ਕਿ ਗਰੀਬ ਸਾਧੂ ਦੁਖਾਏ ਜਾਂਦੇ ਸਨ ਤੇ ਉਹਨਾਂ ਨੂੰ ਨਿਆਏ ਮਿਲ ਸਕਣ ਦੀ ਕਿਧਰੋਂ ਵੀ ਆਸ ਨਹੀਂ ਸੀ ਤਾਂ :—

"ਆਪ ਨਰਾਇਣ ਕਲਾ ਧਾਰ ਜਗ ਮਹਿ ਪਰਵਰਿਓ ॥"
(ਗੁਰਬਾਣੀ)

ਭਾਵ ਨਾਰਾਇਣ ਆਪ ਹੀ ਗੁਰੂ ਨਾਨਕ ਦੇ ਰੂਪ ਵਿਚ ਪਰਗਟ ਹੋਇਆ ਜਿਸ ਨੂੰ ਸਿਖ ਇਤਿਹਾਸ ਵਿਚ ਵਿਸਤਾਰ ਲਿਖਿਆ ਹੈ:—

ਭਈ ਅਧਿਕ ਜਬ ਔਰ ਗਿਲਾਨੀ ॥
ਤਬ ਵਿਚਾਰਨ ਲਾਗ ਹਰਿ ਸੁਆਮੀ ॥
ਧਾਰਨ ਹੇਤ ਸਨਾਤਨ ਸੇਤੂ ॥
ਦੈ ਦਿਕ ਧਰਮ ਭਯਨ ਕੇ ਹੇਤੂ ॥
ਆਪ ਪ੍ਰਭੂ ਗੁਰੂ ਨਾਨਕ ਰੂਪੰ ॥
ਪ੍ਰਗਟ ਭਏ ਜਗ ਮੇਂ ਸੁਖ ਭੂਪੰ ॥
(ਗਿਆਨੀ ਗਿਆਨ ਸਿੰਘ ਜੀ)

ਉਸ ਸਮੇਂ ਦੀ ਦੁਰ ਦਸ਼ਾ ਨੂੰ ਆਪ ਗੁਰੂ ਨਾਨਕ ਜੀ ਨੇ ਭੀ ਆਪਣੀ ਬਾਣੀ ਅੰਦਰ ਵਿਸਤਾਰ ਬਯਾਨ ਕੀਤਾ ਹੈ:—

ਕਲਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ ।
ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹ ਚੜ੍ਹਿਆ ॥
ਹਉ ਭਾਲ ਵਿਕੁੰਨੀ ਹੋਈ ਅੰਧੇਰੈ ਰਾਹੁ ਨ ਕੋਈ ॥
ਵਿਚ ਹਉਮੈਂ ਕਰ ਦੁਖ ਰੋਈ। ਕਹੁ ਨਾਨਕ ਕਿਨ ਬਿਧਿ ਗਤਿ ਹੋਈ ॥ (ਗੁਰਬਾਣੀ)

ਭਾਵ ਇਹ ਕਿ ਕੂੜ ਦਾ ਪਸਾਰਾ ਮਸਿਆ ਦੀ ਰਾਤ ਵਾਂਗੂੰ ਫੈਲਿਆ ਹੋਇਆ ਸੀ ਸਚ ਰੂਪੀ ਚੰਦ੍ਰਮਾ ਕਿਤੇ ਨਜ਼ਰ ਨਹੀਂ ਸੀ ਆਉਂਦਾ। ਮੁਕਦੀ ਗਲ ਇਹ ਕਿ ਸਭਿਆਚਾਰ ਤੇ ਅਨੁਸ਼ਾਸ਼ਨ ਦਾ ਦੀਵਾਲਾ ਨਿਕਲ ਚੁਕਿਆ ਸੀ। ਅਤੇ ਜਨ ਸਾਧਾਰਨ ਅੰਧੇਰੇ ਵਿਚ ਭਟਕ ਕੇ ਦੁਖੀ ਹੋ ਰਹੇ ਸਨ ਜੇ ਕੋਈ ਸਿਧ ਪੁਰਖ ਸਨ ਉਹ ਕਿਤੇ ਪਹਾੜਾਂ ਦੀ ਕੰਦਰਾਂ ਵਿਚ ਲੁਕੇ ਬੈਠੇ ਸਨ।।

ਗੁਰੂ ਨਾਨਕ ਦਾ ਪਰਚਾਰ :— ਸਤਿਗੁਰੂ ਨਾਨਕ ਦੇਵ ਜੀ ਕਿਸੇ ਨਵੇਂ ਧਰਮ ਦੇ ਪਰਵਰਤਕ ~~ਪਰਵਰਤਕ~~ ਨਹੀਂ ਸਨ ਸਗੋਂ ਉਹ ਵੇਦਕ 'ਸਤਿ ਧਰਮ' ਦੇ ਹੀ ਪਰਚਾਰਕ ਸਨ॥ ਉਹ 'ਸਤਿ' ਨੂੰ ਬੜੀ ਉਚਿਆਈ ਵਿਚ ਵੇਖਦੇ ਸਨ ਇਹ ਉਹਨਾਂ ਦੇ ਸੁਭਾਵ ਵਿਚ ਹੀ ਬਚਪਨ ਤੋਂ ਸੀ॥ ਪਿਤਾ ਕਾਲੂ ਜੀ ਨੇ ਜਦੋਂ ਪੜ੍ਹਨ ਹਿਤ ਬਾਲਕ ਨਾਨਕ ਨੂੰ ਪਾਂਧੇ ਪਾਸ ਬਿਠਾਇਆ ਤਾਂ ਪਾਂਧਾ ਬੜਾ ਪ੍ਰਸੰਨ ਸੀ ਕਿ ਬਾਲਕ ਬੜਾ ਚਤੁਰ ਜਾਪਦਾ ਹੈ ਮੇਰੇ ਪਾਸ ਪੜ੍ਹ ਕੇ ਮੇਰਾ ਨਾਮ ਉਜਾਗਰ ਕਰੇ ਗਾ॥ ਪਾਂਧੇ (ਪੰਡਿਤ ਜੀ) ਨੇ ਬਾਲਕ ਨਾਨਕ ਦੀ ਪੱਟੀ (ਤਖਤੀ) ਫੜੀ ਤੇ ਸਭ ਤੋਂ ਪਹਿਲਾਂ ਉਸ ਉਤੇ ਲਿਖਿਆ "ਓਅੰ ਸ੍ਰੀ ਗਣੇਸਾਇ ਨਮਾ" ਤਾਂ ਬਾਲਕ ਨਾਨਕ ਨੇ ਝਟ ਪੁਛਿਆ ਕਿ ਪੰਡਿਤ ਜੀ ਇਹ ਕੀ ਲਿਖਿਆ ਜੇ? ਤਾਂ ਪਾਂਧੇ ਉਤਰ ਦਿਤਾ ਕਿ ਬੇਟਾ ਇਹ ਤੇਰੇ ਪੜ੍ਹਨ ਵਾਸਤੇ ਨਹੀਂ ਜੋ ਤੂੰ ਪੜ੍ਹਨਾ ਹੈ ਹੁਣ ਲਿਖਾਂਗਾ॥ ਬਾਲਕ ਨਾਨਕ ਨੇ ਕਿਹਾ ਕਿ ਪੰਡਿਤ ਜੀ ਮੇਰੇ ਪੜ੍ਹਨ ਖਾਤਰ ਨਹੀਂ ਇਹ ਤੁਸਾਂ ਮੇਰੀ ਪੱਟੀ ਤੇ ਕਿਉਂ ਲਿਖ ਦਿਤਾ ਹੈ? ਪਾਂਧਾ ਬਾਲਕ ਨਾਨਕ ਦੇ ਮੂੰਹ ਵਲ ਵੇਖਦਾ ਰਹਿ ਗਿਆ ਤੇ ਫਿਰ ਪਿਆਰ ਨਾਲ ~~ਕਹਿਣ ਲਗਾ ਕਿ ਚੰਗਾ ਤੂੰ ਹੁਣ ਪੜ੍ਹ~~ ਬੋਲਿਆ ਕਿ ਕਹੁ ਪੜ੍ਹ 'ੳ' ਪਾਂਧੇ ਨੇ ਪੱਟੀ ਉਤੇ ਲਿਖਿਆ ਤੇ ਬਾਲਕ ਨਾਨਕ ਬੋਲੇ 'ੳ' ਫਿਰ ਪਾਂਧੇ ਨੇ ਲਿਖਿਆ 'ਅ' ਅਤੇ ਬਾਲਕ ਨਾਨਕ ਨੂੰ ਕਿਹਾ ਪੜ੍ਹ 'ਅ' ਤੇ ਨਾਨਕ ਕਹਿਣ ਲਗਾ ਪੰਡਿਤ ਜੀ ਪਹਿਲੇ ਮੈਨੂੰ 'ੳ' ਦੇ ਅਰਥ ਤੇ ਸਮਝਾ ਦੇਵੋ ਤਾਂ ਮੈਂ ਅਗੇ ਪੜ੍ਹਾਂ ਗਾ॥ ਪੰਡਿਤ ਕਹਿਣ ਲਗਾ ਬੱਚਾ 'ੳ' ਦਾ ਅਰਥ ਕੁਝ ਨਹੀਂ ਹੁੰਦਾ ਤਾਂ ਬਾਲਕ ਨਾਨਕ ਕਹਿਣ ਲਗਾ ਜਿਸ ਦਾ ਅਰਥ ਕੁਝ ਨਹੀਂ ਹੁੰਦਾ ਉਹ ਮੈਂ ਨਹੀਂ ਪੜ੍ਹਾਂ ਗਾ॥ ~~ਫਿਰ~~ ਅਛਾ ਤੁਸਾਂ ਇਹ ਦਸੋ ਕਿ 'ਅ' ਦਾ ਅਰਥ ਕੀ ਹੁੰਦਾ ਹੈ? ਤਾਂ ਪਾਂਧਾ ਕਹਿਣ ਲਗਾ 'ਅ' ਦਾ ਅਰਥ ਭੀ ਕੁਝ ਨਹੀਂ ਹੁੰਦਾ ਪਰ ਜਦੋਂ ਤੂੰ ਸਾਰੀ ਵਰਨਮਾਲਾ ਸਿਖ ਜਾਏਂਗਾ ਤਾਂ ਫਿਰ ਏਨ੍ਹਾਂ ਅਖਰਾਂ ਨੂੰ ਜੋੜਾਂ ਗੇ ਤਾਂ ਅਰਥ ਬਣ ਜਾਣ ਗੇ॥ ਇਸ ਦੇ ਉਤਰ ਵਿਚ ਬਾਲਕ ਨਾਨਕ ਨੇ ਕੇਵਲ ਇਹ ਹੀ ਕਿਹਾ ਕਿ ਨਿਰਾਰਥਕ ਚੀਜਾਂ ਕਾਹਦੇ ਸਿਖੀਆਂ ਸਿਖਾਉਣੀਆਂ ਜੋ ਕਹੀਏ ਉਹਨਾਂ ਦਾ ਕੋਈ ਭੀ ਕੋਈ ਅਰਥ ਨਹੀਂ ਬਣਦਾ ਸੋ ਮੈਂ ~~ਨਹੀਂ~~ ਇਹ ਨਿਰਾਰਥ ਚੌਪੜ੍ਹਾਈ ਨਹੀਂ ਪੜ੍ਹਾਂਗਾ॥ ਇਹ ਕਹਿ ਕੇ ਉਹਨਾਂ ਪੱਟੀ ਚੁਕੀ ਤੇ ਘਰ ਆ ਗਏ।

ਗੁਰੂ ਨਾਨਕ ਜੋ ਪੰਡਤਾਂ ਕੋਲ ਗਏ ਤਾਂ ਉਹਨਾਂ ਨੂੰ ਸਚੇ ਪੰਡਿਤ ਬਣਨ ਵਾਸਤੇ ਪ੍ਰੇਰਿਆ ਜੋਗੀਆਂ ਕੋਲ ਗਏ ਤਾਂ ਉਹਨਾਂ ਨੂੰ ਸਚੇ ਜੋਗ ਨੂੰ ਧਾਰਨ ਕਰਨ ਦਾ ਉਪਦੇਸ਼ ਦਿਤਾ ਅਤੇ ਸੰਨਿਆਸੀਆਂ ਨੂੰ ਸੱਚਾ ਸੰਨਿਆਸ ਧਾਰਨ ਕਰਨ ~~ਦਾ~~ ਕਰਨੀ ਕਿਹਾ ਤੇ ਇਸੇ ਤਰਾਂ ਹੀ ਓਹ ਮੁਸਲਮਾਨਾਂ ਪਾਸ

ਗਏ ਤਾਂ ਸਭੇ ਮੁਸਲਮਾਨ ਦੇ ਗੁਰਾਂ ਦਾ ਉਪਦੇਸ਼ ਕਰਦਿਆਂ ਫੁਰਮਾਇਆ:—

ਮੇਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥

ਗੁਰੂ ਨਾਨਕ ਜੁੱਗ ਪੰਥ ਦੇ ਪਰਚਾਰਕ ਸਨ ਇਸ ਲਈ ~~[illegible]~~ ਉਨ੍ਹਾਂ ਦੀ ਸਭ ਬਾਣੀ ਵੀ ਇਕ ਹੋਂਦੀ ਸੀ। ~~[illegible]~~ ਪੂਰਨ ਇਕ ਇਹ ਸ਼ਕਤੀ ਹੀ ਨਹੀਂ ਹੋਂਦੀ ਕਿ ਉਹ ਪੰਥ ਦੇ ਸਾਮਣੇ ਟਿਕ ਸਕੇ ਜਿਵੇਂ ਕਿਸੇ ਕਮਰੇ ਵਿਚ ਹਨੇਰ ਸਾਫ ਤੋਂ ਅੰਧੇਰਾ ਮਿਟਿਆ ਹੋਵੇ ਤਾਂ ਦੀਵਾ ਇਕ ਜੋਤੀ (ਆਤਮਾ) ਜਗਦਾ ਜਾਣ ~~[illegible]~~ ਹੀ ਕਿ ਅੰਧੇਰਾ ਉਸੇ ਵੇਲੇ ਦੂਰ ਹੋ ਜਾਂਦਾ ਹੈ ਅਤੇ ਉਥੇ ਟਿਕੇ ਰਹਿਣ ਦਾ ਉਸ ਦਾ ਕੋਈ ਵੀ ਅਧਿਕਾਰ ਬਾਕੀ ਨਹੀਂ ਰਹਿੰਦਾ॥

ਗੁਰੂ ਨਾਨਕ ਜੀ ਦੇ ਸਾਹਮਣੇ ਪੂਰਨ ਰਬਦਾ ਤੇ ਪਾਪਾ ਅਗਿਆਨ ਦੇ ਇਸੇ ਤਰਾਂ ਹੀ ਨਹੀਂ ਸੀ ਟਿਕਦੇ ~~[illegible]~~ ਜਿਵੇਂ ਸ਼ੇਰ ਦੇ ਬੁਕਦਿਆਂ ਹੀ ਹੋਰ ਜਾਨਵਰ ਹਰਨ ਗਿੱਦੜ ਆਦਿਕ ~~[illegible]~~ ਸਾਰੇ ਜੀ ਜਾਨਵਰ ਏਧਰ ਉਧਰ ਨਸ ਭਜ ਕੇ ਛੁਪ ਜਾਂਦੇ ਹਨ॥ ਇਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ!—

ਜਿਉ ਕਰ ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰ ਪਲੋਆ ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ॥
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ~~[illegible]~~ ਹੋਆ ॥ ਤੁਰਾਂ ਲਿਖੋ ਅਗੋਂ

ਸਤਿਗੁਰੂ ਨਾਨਕ ਆਪਣੇ ਪਰਚਾਰ ਦੌਰਿਆਂ ਵਿਚ ਆਪਣੇ ਬਚਾਓ ਲਈ ਇਸੇ ਪਰਕਾਰ ਦਾ ਕੋਈ ਸ਼ਸਤਰ ਨਹੀਂ ਸੀ ਰਖਦੇ ਉਨਾ ਦੇ ਪਾਸ ਇਕ ਅਜੇਹਾ ਸ਼ਸਤਰ ਸੀ 'ਗਰੀਬੀ' ਰੂਪ ~~[illegible]~~ ਨਮ੍ਰਤਾ ਜਿਸ ਦੇ ਸਾਹਮਣੇ ਕੋਈ ਭੀ ਟਿਕ ਨਹੀਂ ਸੀ ਸਕਦਾ॥ ~~[illegible]~~ ਉਹ ਕੇਵਲ 'ਸਤਿ' ਦੇ ਪਰਚਾਰਕ ਸਨ। ਉਨਾਂ ਵਾਸਤੇ ਸਾਰਾ ਸੰਸਾਰ ਹੀ ਆਪਣਾ ਸੀ ਇਸ ਲਈ ਉਨ੍ਹਾਂ ਨੂੰ ਕਿਸੇ ਤੋਂ ਭੈ ਨਹੀਂ ਸੀ ਲਗਦਾ॥

ਸਤਿਗੁਰੂ ਨਾਨਕ ਨੇ ਜੋ ਕੀਰਤਨ ਦੀ ਪ੍ਰਥਾ ਚਾਲੂ ਕੀਤੀ ਸੀ ਉਹ ਆਪ ਰਾਗ ਵਿਦਿਆ ਦੇ ਮਹਾਨ ਗਿਆਤਾ ਸਨ ਤੇ ਸੰਗੀਤ ਗਾਇਕ ਭੀ ਸਨ ਉਨਾਂ ਮਰਦਾਨੇ ਨਾਮ ਦੇ ਰਬਾਬੀ ਨੂੰ ਨਾਲ ਰਖਿਆ ਜੋ ਰਬਾਬ ਵਜਾਂਦਾ ਸੀ ਤੇ ਗੁਰਬਾਣੀ ਨੂੰ ਗਾਉਂਦਾ ਸੀ॥

ਸਤਿਗੁਰੂ ਨਾਨਕ ਦੇ ਪਰਚਾਰ ਵਿਚ 'ਸਤਿ' ਦਾ ਧਾਰਨੀ ਹੋਣਾ ਤੇ ਹੋਰ ਸਾਰੇ ਜੋ ਸਦਗੁਣਾਂ ਦੀ ਪ੍ਰਾਪਤੀ ਦਾ ਸਾਧਨ ਕੇਵਲ 'ਗੁਰੂ' ਦੀ ਸ਼ਰਨ ~~[illegible]~~ ਤੇ ਗੁਰੂ ਦੀ ਸਿਖਿਆ

ਨੂੰ ਜੋ ਪਰਵਾਨ ਮੰਨਿਆ ਗਿਆ ਹੈ ਇਸ ਲਈ ਉਨ੍ਹਾਂ 'ਗੁਰੂ' ਦੀ ਮਹਿਮਾ ਜੋ ਰੂਪ ਤੋਂ ਰੂਪ ਗਾਇਨ ਕੀਤੀ ਹੈ ਜਿਸ ਕਰਕੇ ਉਨ੍ਹਾਂ ਦੇ ਅਨੁਯਾਈ ਬਨਣ ਵਾਲਿਆਂ ਦਾ ਨਾਮ ਹੀ 'ਸਿਖ' ਪੈ ਗਿਆ।

ਅਹਿੰਸਾ ਤੇ ---

ਸਤਿਗੁਰੂ ਨਾਨਕ ਨੇ ਜਿਸ ਤੋਂ ਸੰਸਾਰ ਨੂੰ ਬੜੀ ਨਿਮ੍ਰਤਾ ਨਾਲ ਮੋਹਿਆ॥ ਜਦੋਂ ਉਹ ਗੁਮਸੁਮ ਚੁਪੀ ਦੇਵਲੂਤ ਕੋਲ ਗਏ ਤਾਂ ਉਸ ਨੇ ਲਈ ਪਰਸਾਦ ਦਾ ਮਾਸ ਲਿਆ ਕੇ ਅਗੇ ਰਖਿਆ ਤਾਂ ਗੁਰੂ ਜੀ ਨੇ ਉਸ ਨੂੰ ਅਖਾਜ ਪਦਾਰਥ ਕਹਿ ਕੇ ਅੰਗੀਕਾਰ ਕਰਨ ਤੋਂ ਇਨਕਾਰ ਕਰ ਦਿਤਾ॥ ਫਿਰ ਉਸਨੇ ਜੰਗਲ ਵਿਚੋਂ ਲਈ ਪਦਾਰਥ ਫਲ ਲਿਆ ਕੇ ਗੁਰੂ ਜੀ ਦੀ ਭੇਟ ਕੀਤੇ ਤਾਂ ਗੁਰੂ ਜੀ ਨੇ ਫੁਰਮਾਇਆ ਕਿ ਇਹ ਭੀ ਅਸੀਂ ਤਾਂ ਹੀ ਅੰਗੀਕਾਰ ਕਰ ਸਕਦੇ ਹਾਂ ਜੇ :—

ਮਿਸ਼ਰਮ ਤਜੋ ਆਮਿਖ ਕੇ ਖਾਨਾ ॥
ਜੋ ਨਿਤ ਕਰ ਤੇ ਜੀਅਨ ਹਾਨ ॥

ਭਾਵ ਪਹਿਲਾਂ ਤੂੰ ਮਾਸ ਖਾਣ ਦਾ ਤਿਆਗ ਕਰ ਜਿਸ ਕਾਰਨ ਜੀਵਾਂ ਦੀ ਹਤਿਆ ਕਰਨੀ ਪੈਂਦੀ ਹੈ ਤਾਂ ਹੀ ਅਸੀਂ ਤੇਰਾ ਫਲ ਫੁਲ ਭੀ ਕਬੂਲ ਕਰਾਂਗੇ॥ ਇਸਤਰਾਂ ਦੇਵਲੂਤ ਨੂੰ ਅਹਿੰਸਾਵਾਦੀ ਬਨਾ ਕੇ ਉਸਨੂੰ ਸਿਖ ਬਨਾਇਆ ਸੀ।

ਬਹੁਤਿਆਂ ਨੂੰ ਤਾਂ ਗੁਰੂ ਨਾਨਕ ਜੀ ਨੇ ਦਰਸ਼ਨ ਦੇ ਕੇ ਹੀ ਕ੍ਰਿਤਾਰਥ ਕੀਤਾ ਸੀ ਪਰ ਜੋ ਵਿਦਿਆ ਅਗਿਆਨੀ ਜਾਂ ਕਰਮ ਕਾਂਡ ਦੇ ਪਖੰਡ ਨੂੰ ਧਰਮ ਸਮਝੀ ਬੈਠੇ ਸਨ ਉਨ੍ਹਾਂ ਨੂੰ ਕਈ ਪਰਕਾਰ ਦੀਆਂ ਉਕਤੀਆਂ ਜੁਗਤੀਆਂ ਤੇ ਆਪਣੇ ਸਦਉਪਦੇਸ਼ ਨਾਲ ਸਿਧੇ ਰਸਤੇ ਪਾ ਕੇ ਗੁਰਸਿਖ ਬਨਾਇਆ॥

ਗੁਰੂ ਧਾਰਨ ਕਰਨਾ, ਈਸ਼੍ਵਰ ਵਿਸ਼ਵਾਸੀ ਹੋਣਾ ਅਤੇ ਸਤਵਾਦੀ ਹੋਣਾ ਆਪ ਜੀ ਦੇ ਵਿਸ਼ੇਸ਼ ਉਪਦੇਸ਼ ਸਨ॥ ਤਲਵੰਡੀ ਦਾ ਮੁਸਲਮਾਨ ਹਾਕਮ ਰਾਇ ਬੁਲਾਰ ਆਪ ਦੇ ਉਚੇ ਆਦਰਸ਼ ਤੇ ਸੁਚੇ ਸਿਧਾਂਤ ਕਾਰਨ ਆਪ ਦਾ ਸ਼ਰਧਾਲੂ ਸੀ ਇਕ ਵਾਰੀ ਜਦੋਂ ਗੁਰੂ ਨਾਨਕ ਜੀ ਸਚਾ ਸੌਦਾ ਕਰ ਕੇ ਆਏ ਗੁਰ ਤੇ ਰੁਪਏ ਵਿਉਪਾਰ ਲਈ ਸੌਦਾ ਖਰੀਦਣ ਵਾਸਤੇ ਦੇ ਗਏ ਸਨ ਉਨ੍ਹਾਂ ਦੀ ਰਸਦ ਲਿਆ ਕੇ ਸਾਧੂਆਂ ਨੂੰ ਭੋਜਨ ਛਕਾ ਕੇ ਖਾਲੀ ਹਥ ਘਰ ਆ ਗਏ ਤਾਂ ਪਿਤਾ ਕਾਲੂ ਨੇ ਉਨ੍ਹਾਂ ਨੂੰ ਚਪੇੜਾਂ ਮਾਰੀਆਂ ਸਨ॥ ਇਸ ਗਲ ਦਾ ਪਤਾ ਲਗਨ ਤੇ ਰਾਇ ਬੁਲਾਰ ਨੇ ਕਾਲੂ ਨੂੰ ਡਾਂਟਿਆ ਤੇ ਕਿਹਾ ਕਿ ਕਾਲੂ! ਨਾਨਕ ਨੇ ਤੇਰੇ ਘਰ ਦਾ ਖਾਣਾ ਨਹੀਂ ਹੈ ਨਹੀਂ ਤੇ ਤੇਰੇ ਪਾਸੋਂ ਇਸ ਨੂੰ ਮੈਂ ਆਪਣੇ ਘਰ ਲੈ ਜਾਂਦਾ ਸੀ ਅਤੇ ਸਚ ਮੁਚ ਹੀ ਇਕ ਵਾਰੀ ਆਪਣੇ ਪਿਤਾ ਦੀ ਨਾਰਾਜ਼ਗੀ ਕਾਰਨ

ਗੁਰੂ ਨਾਨਕ ਜੀ ਕਰਤਾਰਪੁਰ ਦੇ ਪਾਸ ਪਹੁੰਚ ਗਏ ਤਾਂ ਕਈ ਬ੍ਰਾਹਮਣਾਂ ਨੇ ਉਨ੍ਹਾਂ ਦੀ ਸ਼ੁਭ ਮਰਯਾਦਾ ਦਾ ਸਨਮਾਨ ਕਰਦਿਆਂ ਪੰਡਿਤਾਂ ਨੂੰ ਬੁਲਾ ਕੇ ਉਨ੍ਹਾਂ ਵਾਸਤੇ ਭੋਜਨ ਤਿਆਰ ਕਰਵਾਇਆ ਸੀ॥ ਗੁਰੂ ਨਾਨਕ ਜੀ ਦੇ ਘਰ ਦੋ ਪੁੱਤ੍ਰ ਹੋਏ ਸਨ॥ ਇਕ ਬਾਬਾ ਸ੍ਰੀਚੰਦ ਜੀ ਤੇ ਦੂਜੇ ਬਾਬਾ ਲਖਮੀਚੰਦ ਜੀ। ਪਰ ਗੁਰੂ ਨਾਨਕ ਨੇ ਆਪਣੇ ਸਿਖਾਂ ਵਿਚੋਂ ਪਰਖ ਕੇ ਇਕ ਉੱਤਮ ਪਵਿਤ੍ਰ ਜਿਹੇ ਦੇ ਅੰਦਰ ਭਾਈ ਲਹਿਣੇ ਨੂੰ ਗੁਰ ਗੱਦੀ ਦੇ ਯੋਗ ਸਮਝ ਕੇ ਉਸ ਨੂੰ ਲਹਿਣੇ ਤੋਂ ਅੰਗਦ ਬਣਾਇਆ ਤੇ ਪੰਜ ਪੈਸੇ ਅਤੇ ਇਕ ਨਾਰੀਅਲ ਮੱਥਾ ਟੇਕ ਕੇ ਆਪਣੇ ਜੀਂਦੇ ਜੀ ਉਸ ਨੂੰ ਗੁਰੂ ਥਾਪ ਦਿਤਾ॥ ਤਦ ਉਪਰੰਤ ਆਪ ਕਰਤਾਰਪੁਰ ਵਿਖੇ ਸੰਮਤ ਬਿਕਰਮੀ ੧੫੯੬ ਵਿਚ ਜੋਤੀ ਜੋਤਿ ਸਮਾ ਗਏ।

ਗੁਰੂ ਅੰਗਦ ਜੀ — ਆਪ ਜੀ ਦਾ ਪਹਿਲਾ ਨਾਮ ਲਹਿਣਾ ਸੀ ਇਨ੍ਹਾਂ ਦੇ ਪਿਤਾ ਫੇਰੂਮੱਲ ਜੀ ਤ੍ਰੇਹਣ ਖੱਤਰੀ ਸਨ॥ ਇਨ੍ਹਾਂ ~~[illegible]~~ ਦਾ ਅਵਤਾਰ ਮਾਤਾ ਸਭਰਾਈ ਦੀ ਕੁੱਖੋਂ ਵਿਸਾਖ ਸੁਦੀ ਏਕਮ ੧੫੬੧ ਬਿਕਰਮੀ ਵਿਚ ਪਿੰਡ 'ਮੱਤੇ ਦੀ ਸਰਾਂ' ਵਿਖੇ ਹੋਇਆ॥ ਗੁਰੂ ਜੀ ਦੇ ਸਿਖ ਬਣਨ ਤੋਂ ਪਹਿਲਾ ਆਪ ਦੇਵੀ ਦੇ ਭਗਤ ਸਨ ਅਤੇ ਇਸ ਸੰਬੰਧ ਵਿਚ ~~[illegible]~~ ਹਰ ਸਾਲ ਦੇਵੀ ਦੇ ਦਰਸ਼ਨਾਂ ਲਈ ਤੀਰਥ ਜਾਤ੍ਰਾ ਕਰਦੇ ਸਨ ਪਰ ਇਕ ਵਾਰੀ ਜਦ ਆਪ ਦੇਵੀ ਮਾਤਾ ਦੇ ਦਰਸ਼ਨਾਂ ਲਈ ਜਾ ਰਹੇ ਸੀ ਤਾਂ ਰਸਤੇ ਵਿਚ ਗੁਰੂ ਨਾਨਕ ਦੀ ਸੋਭਾ ਸੁਣ ਕੇ ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਚਲੇ ਗਏ॥ ਦਰਸ਼ਨ ਕਰਦਿਆਂ ਹੀ ਜਿਵੇਂ ਸਿੱਪੀ ਦੇ ਮੂੰਹ ਵਿਚ ਸ੍ਵਾਂਤੀ ਬੂੰਦ ਪੈ ਜਾਣ ਨਾਲ ਉਹ ਮੋਤੀ ਤਬਦੀਲ ਜਾਂਦੀ ਹੈ ਲਹਿਣਾ ਜੀ ਭੀ ਸਭ ਸੰਸਾਰ ਭੁਲ ਕੇ ਇਕ ਦਮ ਗੁਰੂ ਭਗਤੀ ਵਿਚ ਗੜੂੰਦ ਹੋ ਗਏ॥ ਉਨ੍ਹਾਂ ਗੁਰੂ ਨਾਨਕ ਨੂੰ ਪਰਮੇਸ਼ਰ ਕਰ ਮੰਨਿਆ ਅਤੇ ਉਨ੍ਹਾਂ ਦੇ ਹਰ ਹੁਕਮ ਨੂੰ ਅਕਾਲ ਪੁਰਖ ਦਾ ਹੁਕਮ ਸਮਝ ਕੇ ਹਰ ਪ੍ਰੀਖਿਆ ਵਿਚ ੧੦੦ ਪ੍ਰਤੀਸ਼ਤ ਪੂਰੇ ਉਤਰੇ ਸ੍ਰੀ ਗ੍ਰੰਥ ਸਾਹਿਬ ਵਿਚ ਲਿਖਿਆ ਹੈ।—

ਗੁਰਬਾਣੀ "ਜਾ ਸੁਧੋਸੁ ਤ ਲਹਿਣਾ ਟਿਕਿਓਨੁ॥"

ਭਾਈ ਲਹਿਣੇ ਨੂੰ ਪੂਰਾ ਸੂਝ ਕਰਕੇ ਨਾਮ ਅੰਗਦ ਰਖਿਆ ਅਤੇ ਗੁਰਿਆਈ ਦਾ ਟਿੱਕਾ ਦਿਤਾ॥ ਫਿਰ ਗੁਰੂ ਅੰਗਦ ਨੇ ਸ਼ਬਦ ਸੁਰਤਿ ਦਾ ਅੱਖਾ ਜੋਰ ਦੀਤਾ ਉਨ੍ਹਾਂ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸਤਿਗੁਰਾਂ ਲਈ ਇਨ੍ਹਾਂ ਦੀ ਇਕ ਆਰਤੀ ਹੋਣ ਹੈ॥ ਸਵੱਈਆਂ ਵਿਚ ਲਿਖਿਆ ਹੈ।—

ਤਉ ਤੇ ਅੰਗਦ ਅੰਗ ਸੰਗ ਭਯਉ ਸਾਇਰ
ਤਿਨਿ ਸਬਦ ਸੁਰਤਿ ਕੀ ਨੀਵ ਰਾਣੀ॥

ਆਪ ਨੇ ਗੁਰੂ ਨਾਨਕ ਦੇ ਪਰਚਾਰ ਨੂੰ ਖੂਬ ਫੈਲਾਇਆ ਭਾਂਵੇਂ ਗੁਰੂ

ਤੰਗੀਆਂ ਤੁਰਸ਼ੀਂ ਵਿਰੋਧ ਵੀ ਸਹਿਣਾ ਪਰ ਉਹ ਆਪਣੇ ਪਰਣ ਵਿਚ ਸਦਾ ਅਡੋਲ ਰਹੇ ਤੇ ਗੁਰੂ ਨਾਨਕ ਦੀ ਸਿਖੀ ਵਿਚ ਵੇਖ ਵਾਧਾ ਕੀਤਾ॥ ਆਪ ਨੇ ਭੀ ਆਪਣੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਵਾਂਗੂੰ ਹੀ 'ਗੁਰੂ' ਦੀ ਮਹਿਮਾ ਕੀਤੀ ਹੈ ਜਿਵੇਂ ਗੁਰੂ ਨਾਨਕ ਨੇ ਲਿਖਿਆ ਸੀ:—

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਬਾਰ ॥ (ਮ: ੧)

ਤਾਂ ਗੁਰੂ ਅੰਗਦ ਨੇ ਇਸ ਤੋਂ ਅਗੇ ਉਚਾਰਨ ਕੀਤਾ:—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (ਮ: ੨)

ਆਪ ਨੇ ਭੀ ਹਿੰਸਾ ਤੇ ਮਾਸਾਹਾਰ ਦਾ ਆਪਣੇ ਪੂਰਵਜ ਦੀ ਤਰਾਂ ਹੀ ਪ੍ਰਤੀਰੋਧ ਕੀਤਾ ਇਕ ਸ਼ੀਹਾਂ ਉਪਲ ਨਾਮੀ ਖਤਰੀ ਕੁਝ ਬਕਰੇ ਲੈ ਆਇਆ ਤਾਂ ਸਤਿਗੁਰੂ ਅੰਗਦ ਜੀ ਨੇ ਪੁਛਿਆ ਕਿ ਇਹ ਕੀਹ ਕਰੇਂ ਗਾ? ਤਾਂ ਉਸ ਜਵਾਬ ਦਿਤਾ ਕਿ ਹਜੂਰ ਮੈਂ ਬਕਰੇ ਦੀਆਂ ਭੇਟਾਂ ਜਾ ਮਾਂ ਦਿਆਰਣੀ ਦੀ ਭੇਟੀ ਕਰਨੀ ਹੈ ਉਸ ਵਾਸਤੇ ਇਹ ਬਕਰੇ ਲਿਆਇਆ ਹੈ ਤਾਂ ਗੁਰੂ ਅੰਗਦ ਦੇਵ ਜੀ ਨੇ ਹੁਕਮ ਦਿਤਾ ਕਿ ਇਨ੍ਹਾਂ ਨੂੰ ਛਡ ਦੇ ਹਿੰਸਾ ਉਹ ਹੀ ਨਹੀਂ ਕਰਨੀ ਤੇ ਨਾ ਹੀ ਮਾਂਸਾਹਾਰ ਬਾਰੇ ਸੋਚਣਾ ਵੀ ਹੈ ਤਾਂ ਉਸ ਨੇ ਗੁਰੂ ਜੀ ਦਾ ਹੁਕਮ ਮਨ ਕੇ ਉਹ ਬਕਰੇ ਛਡ ਦਿਤੇ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ॥

ਆਪ ਨੇ ਹੀ ਬਾਬਰ ਜੈਸੇ ਬਾਦਸ਼ਾਹ ਦਾ ਅਭਿਮਾਨ ਦੂਰ ਕੀਤਾ ਤੇ ਹੁਮਾਯੂੰ ਨੂੰ ਸ਼ਾਹੀ ਬਖਸ਼ੀ॥

ਆਪ ਚੇਤ੍ਰ ਸੁਦੀ ੪ ਚੌਥ ਸੰਮਤ ਬਿਕ੍ਰਮੀ ੧੬੬੯ ਨੂੰ ਜੋਤੀ ਜੋਤਿ ਸਮਾਏ ਤੇ ਗੁਰ ਗੱਦੀ ਦਾ ਮਾਲਕ ਤੀਜੇ ਗੁਰੂ ਗੁਰੂ ਅਮਰਦਾਸ ਜੀ ਨੂੰ ਬਣਾਇਆ ਸੀ

ਗੁਰੂ ਅਮਰਦਾਸ ਜੀ:— ਗੁਰੂ ਅਮਰਦਾਸ ਜੀ ਦਾ ਅਵਤਾਰ ਬਾਬਾ ਤੇਜਭਾਨ ਦੇ ਗ੍ਰਹਿ ਮਾਤਾ ਲਖਮੀ ਦੀ ਕੁਖੋਂ ਪਿੰਡ ਬਾਸਰਕੇ ਵਿਖੇ ਸੰਮਤ ਬਿਕ੍ਰਮੀ ੧੫੩੬ ਵਿਚ ਹੋਇਆ॥ ਆਪ ਬਚਪਨ ਤੋਂ ਹੀ ਭਗਤੀ ਭਾਵ ਨਾਲ ਓਤ ਪ੍ਰੋਤ ਸਨ ਤੇ ਆਪ ਕਰੀਬ ੨੨ ਵਾਰੀ ਗੰਗਾ ਇਸ਼ਨਾਨ ਲਈ ਹਰਦੁਆਰ ਗਏ ਸਨ॥ ~~[illegible]~~ ਸੇਵਾ ਦੀ ਭਾਵਨਾ ਤਾਂ ਉਨ੍ਹਾਂ ਵਿਚ ਕਮਾਲ ਦੀ ਸੀ ਇਕ ਵਾਰ ਜਦ ਉਹ ਘਰ ਤੋਂ ਬਾਹਰ ਦੇ ਆਈਆਂ ਸੰਗਤਾਂ ਨੂੰ ਪਾਣੀ ਪਿਲਾਣ ਦੀ ਸੇਵਾ ਕਰ ਰਹੇ ਸਨ ਤੇ ਬੜੀ ਮਿਠੀ ਬੋਲੀ ਵਿਚ ਸੰਗਤਾਂ ਨੂੰ ਜਲ ਛਕਨ ਲਈ ਬੇਨਤੀਆਂ ਕਰਦੇ ਸਨ॥ ਉਨ੍ਹਾਂ ਦਾ ਮਿਠ ਸੁਭਾਵ ਤੇ ਸੇਵਾ ਭਾਵਨਾ ਦੇਖ ਕੇ ਇਕ ਸਾਧੂ ਬ੍ਰਹਮਚਾਰੀ ਨੇ ਜੋ ਉਨ੍ਹਾਂ ਤੋਂ ਜਲ ਛਕ ਰਿਹਾ ਸੀ ਤੇ ਉਨ੍ਹਾਂ ਨੂੰ ਬੜੇ ਪ੍ਰੇਮ ਨਾਲ ਪੁਛਿਆ ਕਿ ਬਾਬਾ ਜੀ (ਉਹ ਉਸ ਵੇਲੇ ਕਰੀਬ ੭੦ ਸਾਲਾਂ ਦੇ ਸਨ)

ਆਪ ~~[illegible]~~ ਘੜੇ ਜਿਨੇ ਸੁਭਾਵ ਦੇ ਹੋ ਤੇ ਸੇਵਾ ਭਾਵਨਾ ਭੀ ਚੰਗੀ ਜਾਪਦੀ ਹੈ ਆਪ ਦਾ ਗੁਰੂ ਕਿਹੜਾ ਹੈ? ਤਾਂ ਅਮਰਦਾਸ ਜੀ ਨੇ ਉਤਰ ਦਿਤਾ ~~[illegible]~~ ਕਿ ਮਹਾਰਾਜ ਮੈਂ ਬਾਈ ੨੨ ਵਾਰੀ ਗੰਗਾ ਇਸ਼ਨਾਨ ਤਾਂ ਕੀਤਾ ਹੈ ਪਰ ~~[illegible]~~ ਅਜੇ ਤਕ ਗੁਰੂ ਕੋਈ ਨਹੀਂ ਧਾਰਨ ਕੀਤਾ॥ ਇਹ ਗਲ ਸੁਣਦਿਆਂ ਹੀ ਉਸ ਸਾਧੂ ਬ੍ਰਹਮਚਾਰੀ ਨੇ ਤੈਸ਼ ਤਾਂ ਕੁਝ ਨ ਕਿਹਾ ਪਰ ਕੇਵਲ ਇਤਨਾ ਹੀ ਕਿਹਾ ਕਿ ਮੈਂ ਇਕ ਨਿਗੁਰੇ ਦੇ ਹਥੋਂ ਪਾਣੀ ਪੀ ਲਿਆ ਹੈ ਮੇਰਾ ਜਨਮ ਭ੍ਰਿਸ਼ਟ ਹੋ ਗਿਆ ਹੈ ਹੁਣ ਮੈਨੂੰ ਇਸ ਦਾ ਪ੍ਰਾਇਸ਼ਚਿਤ ਕਰਨਾ ਪਵੇਗਾ॥ ਸਾਧੂ ਦੀ ਇਸ ਗਲ ਨੇ ਅਮਰਦਾਸ ਦੇ ਹਿਰਦੇ ਤੇ ਗਹਿਰੀ ਚੋਟ ~~ਲਗੀ~~ ਲਗੀ ਉਨਾਂ ਮਨ ਵਿਚ ਨਿਸ਼ਚੇ ਕੀਤਾ ਕਿ ਹੁਣ ਜਦ ਤਕ ਕਿਸੇ ਪੂਰੇ ਗੁਰੂ ਤੋਂ ਦੀਖਿਆ ਗੁਰਮੰਤ੍ਰ ਪ੍ਰਾਪਤ ਨਹੀਂ ਕਰਦਾ ਮੈਨੂੰ ਚੈਨ ਨਹੀਂ ਆਵੇਗਾ॥ *ਗੁਰੂ ਤੋਂ ਬਗੈਰ ਮੇਰੀ ਸੇਵਾ ਆਦਿ ਸਭ ਨਿਸਫਲ ਗਿਆ ਹੈ ਕਿਉਂਕਿ ਗੁਰਬਾਣੀ *

ਇਸੇ ਚਿੰਤਾ ਵਿਚ ਉਹ ਆਪਣੇ ਘਰ ਪਰਤੇ॥ ਅਮਰਦਾਸ ਜੀ ਦੇ ਭਰਾ ਦੀ ਨੂੰਹ ਗੁਰੂ ਅੰਗਦ ਦੇਵ ਜੀ ਦੀ ਪੁਤਰੀ ਬੀਬੀ ਅਮਰੋ ਸੀ ਜਦ ਉਹ ਸਵੇਰੇ ਅੰਮ੍ਰਿਤ ਵੇਲੇ ਦੁਧ ਰਿੜਕਨ ਲਗੀ ਤਾਂ ਉਸ ਨੇ ਆਸਾ ਦੀ ਵਾਰ ਦਾ ਪਾਠ ਆਰੰਭ ਕੀਤਾ ਤੇ ਆਰੰਭ ਵਿਚ ਹੀ ਪੜ੍ਹਿਆ

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥"

ਇਹ ਸੁਣਦਿਆਂ ਹੀ ਅਮਰਦਾਸ ਜੀ ਦੇ ਆਖੇ ਜ਼ਖਮ ਤੇ ਜਿਵੇਂ ਲੂਣ ਛਿੜਕਿਆ ਜਾਂਦਾ ਹੈ ਉਨਾਂ ਦੀ ਗੁਰੂ ਨੂੰ ਮਿਲਨ ਵਾਲੀ ਇਛਿਆ ਆਪਣੀ ਚਰਮ ਸੀਮਾ ਤੇ ਪੁਜ ਗਈ ਤੇ ਦੌੜ ਕੇ ਆਪਣੀ ਨੂੰਹ ਦੇ ਕਮਰਾ ਵਿਚ ਆਣ ਕਹਨ ਲਗੇ ਕਿ ਪੁੱਤ੍ਰ ਤੂੰ ਇਹ ਕੀ ਪੜ੍ਹਿਆ ਹੈ? ਇਹ ਬਾਣੀ ਕਿਸ ਦੀ ਹੈ? ਤਾਂ ਅਗੋਂ ਉਤਰ ਮਿਲਿਆ ਕਿ ਇਹ ਬਾਣੀ ਗੁਰੂ ਨਾਨਕ ਜੀ ਦੀ ਹੈ ਤਾਂ ਅਮਰਦਾਸ ਜੀ ਕਹਿਣ ਲਗੇ ਪੁੱਤਰ ਮੈਨੂੰ ਉਨਾਂ ਦੇ ਦਰਸ਼ਨ ਕਰਾ ਦੇ ਮੈਂ ਤੇਰਾ ਉਪਕਾਰ ਮਨਾਂਗਾ॥ ਅਗੋਂ ਬੀਬੀ ਜੀ ਨੇ ਜਵਾਬ ਦਿਤਾ ਕਿ ਗੁਰੂ ਨਾਨਕ ਤਾਂ ਜੋਤੀ ਜੋਤਿ ਸਮਾ ਚੁਕੇ ਨੇ ਹੁਣ ਉਨਾਂ ਦੀ ਗਦੀ ਤੇ ਮੇਰੇ ਪਿਤਾ ਜੀ ਹਨ ਜਿਨਾਂ ਨੂੰ ਗੁਰੂ ਅੰਗਦ ਕਰ ਕੇ ਸਦਿਆ ਜਾਂਦਾ ਹੈ॥ ਅਮਰਦਾਸ ਜੀ ਨੇ ਕਿਹਾ ਕਿ ਪੁੱਤ੍ਰ ਤੂੰ ਮੈਨੂੰ ਉਨਾਂ ਦੇ ਦਰਸ਼ਨ ਕਰਾ ਦੇ ਮੈਂ ਤਾਂ ਆਪਣੀ

* ਵਿਚ ਲਿਖਿਆ ਹੈ ਕਿ "ਸਾ ਸੇਵ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ" ਇਸ ਕਰਕੇ ਮੈਂ ਹੁਣ ਤਕ ਗੁਰੂ ਧਾਰਨ ਨਹੀਂ ਕੀਤਾ ਮੇਰੀ ਸੇਵਾ ਸਫਲ ਕੀਤੀ ਹੈ॥

ਸਾਰੀ ਉਮਰ ਹੀ ਵਿਆਕੁਲ ਗੰਦਾ ਰਹੀ ਹੈ ਜੇ ਆਖੋ ਤਾਂ ਗੁਰੂ ਧਾਮ ਨਹੀਂ ਕੀਤਾ ਸੋ
ਬੀਬੀ ਜੀ ਇਹ ਤੁਹਾਡਾ ਉਪਕਾਰ ਹੋਵੇਗਾ ਜੇ ਤੁਸੀਂ ਮੈਨੂੰ ਉਹਨਾਂ ਦੇ ਚਰਨਾਂ ਵਿਚ ਲੈ
ਜਾਓ॥ ਬੀਬੀ ਅਮਰੋ ਜੀ ਬੜੀ ਆਧੀਨਗੀ ਨਾਲ ਅਰਜ਼ ਕੀਤੀ ਕਿ ਪਿਤਾ ਜੀ ਮੈਨੂੰ
ਮੇਰੇ ਪਿਤਾ ਦਾ ਹੁਕਮ ਹੈ ਕਿ ਸਾਡੇ ਬਿਨਾਂ ਨਹੀਂ ਆਉਣਾ ਪਰ ਆਪ ਜੀ ਤਾਂ ਮੇਰੇ ਪਿਤਾ
ਜੀ ਤੋਂ ~~...~~ ਆਪ ਦੇ ਹੁਕਮ ਅਨੁਸਾਰ ਮੈਂ/ਆਪ ਜੀ ਨਾਲ ਚਲਦੀ ਹਾਂ ਆਸ ਹੈ ਮੇਰੇ ਪਿਤਾ
ਜੀ ਇਸ ਗਲ ਨਰਾਜ਼ ਨਹੀਂ ਹੋਣਗੇ॥

ਇਸਤਰਾਂ ਅਮਰਦਾਸ ਜੀ ਗੁਰੂ ਅੰਗਦ ਦੇ ਚਰਨ/ਵਿਚ ਪੁਜ ਗਏ ਤੇ ਗੁਰਮੰਤ੍ਰ ਪ੍ਰਾਪਤ
ਕਰਕੇ ਉਥੇ ਹੀ ਸੇਵਾ ਵਿਚ ਜੁਟ ਗਏ॥ ਗੁਰੂ ਦੀ ਸੇਵਾ ਇਤਨੇ ਪ੍ਰੇਮ ਨਾਲ ਤੇ ਸ਼ਰਧਾ
ਨਾਲ ਕੀਤੀ ਕਿ ਉਸ ਦੀ ਹੋਰ ਮਿਸਾਲ ਮਿਲਨੀ ਕਠਨ ਹੈ॥ ਗੁਰੂ ਜੀ ਦੇ ਇਸ਼ਨਾਨ ਵਾਸਤੇ
ਜਦੋਂ ਆਪ ਦਰਿਆ ਤੇ ਜਾਂਦੇ ਤਾਂ ਗਾਗਰ ਭਰ ਕੇ ਪੁਠੀਂ ਪੈਰੀਂ ਜਾਂਦੇ ਤਾਂ ਜੋ ਆਪਣੇ ਗੁਰੂ
ਵਲ ਪਿਠ ਨਾ ਹੋਵੇ ਅਤੇ ਇਸੇ ਤਰਾਂ ਕਰੀਬ ੧੨ ਸਾਲ ਤਕ ~~...~~
~~...~~ ਇਹ ਸੇਵਾ ਨਿਭਾਈ। ਇਕ ਦਿਨ ਜਦ ਪਾਣੀ ਦੀ ਗਾਗਰ ਭਰੀ ਆ ਰਹੇ
ਸਨ ਮੀਂਹ ਪੈ ਰਹੇ ਜਲ ਥਲ ਹੋਇਆ ਹੋਇਆ ਸੀ॥ ਰਸਤੇ ਵਿਚ ਜੁਲਾਹੇ ਦੀ ਖੱਡੀ
ਵਿਚ ਭੀ ਪਾਣੀ ਭਰਿਆ ਹੋਣ ਕਰਕੇ ਪਤਾ ਨਾ ਲਗਾ ਤਾਂ ਉਹ ਉਸ ਟੋਏ ਵਿਚ ਡਿਗ
ਪਏ ਤਾਂ ~~...~~ ਖੜਾਕ ਸੁਣ ਕੇ ਅੰਦਰ ਸੁਤੇ ਪਏ ਜੁਲਾਹੇ ਨੇ ਆਪਣੀ ਪਤਨੀ
ਨੂੰ ਪੁਛਿਆ ਕਿ ਕੇਹੜੀ ਡਿਗਾ ਜਾਪਦਾ ਹੈ ਤਾਂ ਅਗੋਂ ਜੁਲਾਹੀ ਕਹਿਣ ਲਗੀ ਕਿ
ਉਹੋ ਅਮਰੂ ਨਿਥਾਵਾਂ ਹੋਣਾ ਹੈ ਜਿਸ ਨੂੰ ਨਾ ਦਿਨੇ ਚੈਨ ਹੈ ਨਾ ਰਾਤੀਂ ਚੈਨ ਹੈ
ਰਹ ਵੇਲੇ ਪਾਣੀ ਹੀ ਢੋਂਦਾ ਰਹਿੰਦਾ ਹੈ॥ ਇਸ ਗਲ ਦਾ ਪਤਾ ਜਦ ਅੰਤਰਜਾਮੀ
ਸਤਿਗੁਰ ਅੰਗਦ ਦੇਵ ਜੀ ਨੂੰ ਲਗਾ ਤਾਂ ਉਹਨਾਂ ਉਸ ਵੇਲੇ ਅਮਰਦਾਸ ਜੀ ਨੂੰ
ਪੰਜ ਪੈਸੇ ਤੇ ਨਰੀਅਲ ਮੱਥਾ ਟੇਕ ਗੁਰੂ ਗੱਦੀ ਸੌਂਪ ਦਿਤੀ ਤੇ ਵਰਦਾਨ ਦਿਤੇ ਕਿ
ਨਿਥਾਵਿਆਂ ਦਾ ਥਾਂ ਗੁਰੂ ਅਮਰ ਦਾਸ ਨਿਆਸਰਿਆਂ ਦਾ ਆਸਰਾ ਗੁਰੂ ਅਮਰਦਾਸ
ਨਿਓਟਿਆਂ ਦੀ ਓਟ ਗੁਰੂ ਅਮਰਦਾਸ ਆਦਿ ਅਨੇਕ ਵਰਦਾਨ ਦੇ ਕੇ ਗੁਰ ਗੱਦੀ
ਪਰ ਸੁਸ਼ੋਭਿਤ ਕਰ ਦਿਤਾ॥

ਗੁਰੂ ਨਾਨਕ ਜੀ ਤਰਾਂ ਗੁਰੂ ਅੰਗਦ ਜੀ ਨੇ ਭੀ ਆਪਣੇ ਪੁਤਰਾਂ ਦਾਤੂ ਤੇ
ਦਾਸੂ ਨੂੰ ਛੱਡ ਕੇ ਆਪਣੇ ਇਕ ਪੂਰਨ ਸਿਖ ਅਮਰਦਾਸ ਨੂੰ ਗੁਰ ਗੱਦੀ ਦਿਤੀ ਸੀ
ਇਸ ਕਰਕੇ ਉਹਨਾਂ ਦੋਵੇਂ ਵਿਰੋਧ ਤੇ ਖੜੇ ਹੋ ਕੇ ਸਿਖੀ ਦਾ ਪਰਚਾਰ ਕਰਨ
ਖਾਤਰ ਆਪ ਨੇ ਖਡੂਰ ਛੱਡ ਦਿਤਾ ਤੇ ਗੋਇੰਦਵਾਲ ਜਾ ਵਸਾਇਆ, ~~...~~
ਉਥੇ ਹੀ ਆਪਣਾ ਪਰਚਾਰ ਆਰੰਭ ਦਿਤਾ॥ ਸੰਗਤਾਂ ਦੂਰ ਦੂਰ ਤੋਂ ਆ ਕੇ
ਦਰਸ਼ਨ ਕਰਦੀਆਂ ਤੇ ਉਹਨਾਂ ਦੇ ਅੰਮ੍ਰਿਤ ਬਚਨ ਸੁਣ ਕੇ

ਨਿਉਂਦਰ ਦੇਂਦੀਆਂ॥ ਇਕ ਦਿਨ ਦਾਤੂ ਜੀ ਗੋਇੰਦਵਾਲ ਆਏ॥ ਵੇਖਿਆ ਕਿ ਗੁਰੂ ਅਮਰਦਾਸ ਜੀ ਗੱਦੀ ਲਗਾ ਕੇ ਬੈਠੇ ਹਨ ਤੇ ਸੰਗਤਾਂ ਬੇਅੰਤ ਭੇਟਾ ਰਖ ਕੇ ਉਨ੍ਹਾਂ ਨੂੰ ਨਮਸਕਾਰ ਕਰਦੀਆਂ ਹਨ ਤੇ ਉਨ੍ਹਾਂ ਦਾ ਏਡਾ ਵਡਾ ਸਨਮਾਨ ਹੁੰਦਾ ਵੇਖ ਕੇ ਉਹ ਜਰ ਨਾ ਸਕਿਆ ਤੇ ਗੱਦੀ ਉਤੇ ਬੈਠਿਆਂ ਨੂੰ ਹੀ ਲਤ ਮਾਰੀ ਤੇ ਕਹਿਣ ਲਗਾ ਸਾਡੀ ਉਮਰ ਸਾਡੇ ਘਰ ਪਾਣੀ ਢੋਂਦਾ ਰਿਹਾ ਹੈਂ ਤੇ ਹੁਣ ਗਦੀ ਲਾ ਕੇ ਬਹਿ ਗਿਆ ਹੈਂ॥ ਅਗੋਂ ਗੁਰੂ ਅਮਰਦਾਸ ਜੀ ਬੜੀ ਨਿਮਰਤਾ ਨਾਲ ਦਾਤੂ ਜੀ ਦਾ ਚਰਨ ਫੜ ਲਿਆ ਤੇ ਆਪਣੇ ਹਥਾਂ ਨਾਲ ਘੁਟਣ ਲਗ ਪਏ ਤੇ ਆਖਿਆ ਮਹਾਰਾਜ ਮੇਰੇ ਬੁਢੇ ਹੱਡ ਕਰੜੇ ਨੇ ਅਤੇ ਆਪ ਦੇ ਚਰਨ ਕੋਮਲ ਹਨ ਆਪ ਨੂੰ ਦਰਦ ਹੋਈ ਹੋਵੇ ਗੀ ਆਪ ਮਹਾਰਾਜ ਨਾ ਰੋਵੋ ਮੈਂ ਇਥੋਂ ਚਲਾ ਜਾਂਦਾ ਹਾਂ॥

ਗੁਰੂ ਅਮਰਦਾਸ ਜੀ ਗੋਇੰਦਵਾਲ ਛੱਡ ਕੇ ਰਾਤੋ ਰਾਤ ਚਲੇ ਗਏ ਤੇ ਦਾਤੂ ਉਸ ਗੱਦੀ ਉਤੇ ਬੈਠਣ ਲਗ ਪਿਆ ਪਰ ਸਾਰੀਆਂ ਸੰਗਤਾਂ ਨੇ ਹੀ ਉਥੇ ਆਉਣਾ ਛੱਡ ਦਿਤਾ॥ ਅਖੀਰ ਦਾਤੂ ਉਦਾਸ ਹੋ ਕੇ ਉਥੋਂ ਜੋ ਧਨ ਮਾਲ ਲਦ ਲਗਾ ਤੁਰ ਕੇ ਵਾਪਸ ਖਡੂਰ ਚਲਾ ਗਿਆ ਪਰ ਰਸਤੇ ਵਿਚ ਹੀ ਡਾਕੂ ਧਾੜਵੀਆਂ (ਡਾਕੂਆਂ) ਨੇ ਉਸ ਦਾ ਸਮਾਨ ਆਦਿ ਸਭ ਕੁਝ ਲੁਟ ਲਿਆ ਅਤੇ ਖਡੂਰ ਪਹੁੰਚ ਕੇ ਲਤ ਦੀ ਦਰਦ ਨਾਲ ਦੁਖੀ ਰਿਹਾ॥

ਸੰਗਤਾਂ ਨੇ ਗੁਰੂ ਅਮਰਦਾਸ ਨੂੰ ਢੂੰਡ ਲਿਆ ਤੇ ਅਰਜ ਕਰ ਕੇ ਉਨ੍ਹਾਂ ਨੂੰ ਫਿਰ ਸ੍ਰੀ ਗੋਇੰਦਵਾਲ ਲੈ ਆਏ॥ ਫਿਰ ਤ੍ਰਿਸੰਤਾਂ ~~[illegible]~~ ਕਈਂ ਸਾਲਾਂ ਅਗੇ ਪਿੱਛੇ ਭੀ ਦਰਸ਼ਨ ਹੁੰਦਿਆਂ ਹੋਣ ਲਗੀਆਂ ਤੇ ਗੁਰੂ ਜੀ ਦਾ ਜਸ ਚਾਰ ਪਾਸੇ ਫੈਲ ਗਿਆ॥

ਇਕ ਵਾਰੀ ਹਰੀਪੁਰ ਦਾ ਰਾਜਾ ਆਪਣੀਆਂ ਰਾਣੀਆਂ ਸਮੇਤ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਖਾਤਰ ਆਇਆ॥ ਰਾਜੇ ਨੂੰ ਇਹ ਗਲ ਸਮਝਾਈ ਗਈ ਤੇ ਗੁਰੂ ਜੀ ਦਾ ਹੁਕਮ ਸੁਣਾਇਆ ਗਿਆ ਕਿ ਦਰਸ਼ਨ ਕਰਨ ਤੋਂ ਪਹਿਲਾਂ ਲੰਗਰੋਂ ਪਰਸ਼ਾਦ ਛਕੋ ਫਿਰ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਰਾਣੀਆਂ ਰੰਗ ਬਰੰਗੇ ਕਪੜੇ ਪਹਿਨ ਕੇ ਨਾ ਆਉਣ ਇਹ ਹਿਦਾਇਤ ਸਭ ਆਉਣ ਵਾਲੇ ਗੁਰਮੁਖਾਂ ਦੀ ਸੰਗਤ ਹੈ ਇਥੇ ਸਾਦੇ ਸਫੇਦ ਪੁਸ਼ਾਕਾਂ ਵਿਚ ਨੰਗੇ ਮੂੰਹ ਭਾਵ ਖਿਮਾ ਪੂੰਡ ਵੱਡੇ ਹੀ ਆਉਣ ਤਾਂ ਗੁਰੂ ਜੀ ਦਰਸ਼ਨ ਦੇਣ ਗੇ॥ ਰਾਜੇ ਨੇ ਇਸੇ ਤਰਾਂ ਹੀ ਕੀਤਾ ਪਰ ਉਨ੍ਹਾਂ ਰਾਣੀਆਂ ਵਿਚ ਇਕ ਸਜ ਵਿਆਹੀ

ਗਈ ਤੇ ਸਭ ਸਹਿਸ੍ਰਸ ਕੀਤੀ ਤੇ ਖੁੰਡ ਵੱਢ ਕੇ ਮਥਾ ਟੇਕਿਆ॥ ਇਹ ਵੇਖ ਕੇ ਗੁਰੂ ਜੀ ਨੇ ਸੁਭਾਵਕ ਹੀ ਗਜੇ ਨੂੰ ਕਿਹਾ ਕਿ ਇਸ ਕਮਲੀ ਨਿਉ ਸਾਕ ਦਿਆਏ ਤੇ ਤਾਂ ਉਹ ਗਜ਼ੀ ਉਸੇ ਵਕਤ ਕਮਲੀ ਹੋ ਗਈ, ਕਪੜੇ ਪਾੜ ਸੁਟੇ ਤੇ ਜੰਗਲ ਵਲ ਨੂੰ ਭਜ ਗਈ॥ ਗਜਾ ਤਾਂ ਦਰਸ਼ਨ ਮੇਲੇ ਕਰ ਕੇ ਵਾਪਸ ਚਲਾ ਗਿਆ ਤੇ ਉਸ ਗਜ਼ੀ ਨੂੰ ਉਥੇ ਹੀ ਛਡ ਗਿਆ॥

ਗੁਰੂ ਜੀ ਦਾ ਇਕ ਸਿਖ ਜਿਸ ਦਾ ਨਾਮ 'ਸਰਨਾਸਰ' ਸੀ ਉਹ ਗੁਰੂ ਦੇ ਦੀਦਾਰ ਵਾਸਤੇ ਜੰਗਲ ਵਿਚੋਂ ਘਾਹ ਲਿਆਉਂਦਾ ਸੀ ਉਸ ਨੇ ਗੁਰੂ ਜੀ ਅਗੇ ਅਰਜ਼ ਕੀਤੀ ਕਿ ਮਹਾਰਾਜ ਸਾਡੇ ਪੈਰਾਂ ਵਿਚ ਕਕੜੀਆਂ ਇਕੱਠੀਆਂ ਕਰਦਾ ਤਾਂ ਤਾਂ ਉਥੇ ਜੰਗਲ ਵਿਚ ਉਹ ਕਮਲੀ ਚੜ੍ਹਾ ਤੰਗ ਕਰਦੀ ਹੈ॥ ਜਿ ਕਰੀ ਤਾਂ ਇਕਠੀਆਂ ਕੀਤੀਆਂ ਹੋਈਆਂ ਕਕੜੀਆਂ ਭੀ ਏਧਰ ਉਧਰ ਖਿਲਾਰ ਦੇਂਦੀ ਹੈ॥ ਗੁਰੂ ਜੀ ਨੇ ਹੁਕਮ ਕੀਤਾ ਇਹ ਮੋਗਾ ਜੋੜਾ (ਜੁੱਤੀ) ਲੈ ਜਾ ਕਮਲੀ ਆਵੇ ਤਾਂ ਉਸ ਦੇ ਸਿਰ ਵਿਚ ਮਾਰੀਂ॥ 'ਸਰਨਾਸਰ' ਨੇ ਉਹ ਜੋੜਾ ਲੈ ਲਿਆ ਤੇ ਜਦ ਉਹ ਕਮਲੀ ਆਈ ਤਾਂ ਉਸ ਨੇ ਉਹ ਜੋੜਾ ਉਸ ਦੇ ਸਿਰ ਵਿਚ ਮਾਰਿਆ॥ ਜੋੜਾ ਲਗਦੇ ਸਾਰ ਹੀ ਉਸ ਗਜ਼ੀ ਦੇ ਹੋਸ਼ ਟਿਕਾਣੇ ਆ ਗਏ ਤੇ ਉਸ ਦਾ ਕਮਲ ਜਾਂਦਾ ਰਿਹਾ॥ ਸਿਖ ਨੇ ਉਸ ਦਾ ਸੰਗੋਜ ਕਰਨ ਵਾਸਤੇ ਆਪਣੀ ਚਾਦਰ ਲਾਹ ਕੇ ਉਸ ਨੂੰ ਦਿਤੀ ਤੇ ਗਜ਼ੀ ਨੇ ਬੜੀ ਸ਼ਰਮਿੰਦਗੀ ਨਾਲ ਤੇ ਆਧੀਨਗੀ ਨਾਲ ਆ ਕੇ ਗੁਰੂ ਜੀ ਦੇ ਚਰਨਾ ਤੇ ਮੱਥਾ ਟੇਕਿਆ॥ ਗੁਰੂ ਜੀ ਨੇ ਉਸ ਦਾ ਵਿਆਹ ਉਸੇ ਸਿਖ ਸਰਨਾਸਰ ਨਾਲ ਕਰ ਦਿਤਾ ਤੇ ਫਿਰ ਉਸ ਤੋਂ ਬਾਦ ਉਸ ਨੇ ਕਦੀ ਅੰਗਰੇਜ਼ੀ ਕਪੜੇ ਪਾਏ ਤੇ ਨਾ ਹੀ ਖੁੰਡ ਰਖਿਆ ਸਗੋਂ ਗੁਰੂ ਜੀ ਦੇ ਹੁਕਮ ਵਿਚ ਰਹਿ ਕੇ ਆਪਣਾ ਜਨਮ ਸਫਲਾ ਕੀਤਾ॥ ਸਤਿਗੁਰੂ ਜੀ ਦੇ ਚਰਨਾਂ ਦਾ ਉਹ ਜੋੜਾ ਅਜ ਭੀ ਉਨ੍ਹਾਂ ਦੇ ਖਾਨਦਾਨ ਪਾਸ ਹੈ ਦਾਸ ਲੇਖਕ ਨੇ ਭੀ ਉਸ ਦੇ ਦਰਸ਼ਨ ਕੀਤੇ ਹਨ॥

ਸਤਿਗੁਰੂ ਜੀ ਦਾ ਜ਼ਿਕਰ ਚਲਾ ਜੀ ਰੋਮਨ ਸੀ ਉਹ ਜਿਸ ਦਾ ਦੁਖ [illegible] ਗਜੀ ਜਦ ਵੇਖ ਸਕਦੇ ਇਕ ਵਾਰੀ ਗੋਬਿੰਦ ਦਾਸ ਵਿਚ ਇਕ ਕਰਦਾ, [illegible] ਸਰ ਗਿਆ ਅਤੇ ਤ੍ਰਿਹਾਂ ਦੇ ਪਾਰ ਵਿਚ ਹੋਇਆ ਸਿੱਖਾਂ ਦੀ [illegible] ਸਟ ਦੇ ਗੁਰੂ ਜੀ ਬਚਨ [illegible] ਉਸ ਬਾਰੇ ਨੂੰ ਗੁਰੂ ਜੀ ਨੇ [illegible] ਕਰ ਦਿਤਾ ਤੇ ਅਗੇ ਵਾਸਤੇ ਸੁਭਾਵਕ ਹੀ ਬਚਨ ਕੀਤਾ ਕਿ ਮੰਗੇ ਹੋਇਆਂ ਤਾਂ ਇਸੇ ਆਈ ਦਾ ਕਾਲ

ਮਹਾਨ ਨਹੀਂ ਜਾਪਿਆ ਤਾਂ ਸਭ ਪ੍ਰਭ ਜੀ ਗੁਰੂ ਜੀ ਦੇ ਦੇਹੀ ਜੋਤਿ ਸਮਾਅ ਤਦ ਉਸ ਨਗਰੀ ਵਿਚ ਫਿਰ ਕਿਸੇ ਦੀ ਮੌਤ ਨਹੀਂ ਹੋਈ॥

ਗੋਸਵਾਮੀ ਤੁਲਸੀ ਦਾਸ ਜੀ ਨੇ ਲਿਖਿਆ ਹੈ ਕਿ:—

ਸੰਗ ਲਿਏ ਰਘੁਨੰਦ ਅਨੁਰਾਗਾ॥
ਰਾਮ ਚਰਿਤ ਪਰ ਰਹਿ ਨ ਲਾਗਾ॥
ਜਿਸ ਪ੍ਰਕਾਸ ਕੀਨੇ ਅਨੁਗਾਮਾ॥
ਪਰ ਜਿਸ ਕੀਨੇ ਸੋ ਗਤਿ ਪਾਈ॥

ਅਤੇ ਨਵੀਂ ਸਦੀ ਦੇ ਅੰਤ ਦੇ ਨਾਮਧਾਰੀ ਸ਼ਬਦ ਦੀ ਵਿਆਖਿਆ/ਚਰਚਾ ਤੋਂ ਪਰ ਇਹ ਕੁਝ ਪਾਠ ਨਹੀਂ ਕਿਉਂਕਿ ਜੇ ਸੰਗਤ ਤੇ ਉਹਦੇ ਪਰਮਾਤਮਾ ਹੈ ਸਦੈਵ ਉਸ ਨੂੰ ਸੰਗ ਲਗਾਤਾ ਹੈ ਪਰ ਸੰਤ ਦਾ ਪਰਮਾਤਮਾ ਤਾਂ ਉਸ ਨੂੰ ਸੰਗ ਲਗਾਤਾ ਹੋਵੇ ਦੇ ਜੋ ਪਰਮ ਸੰਤਾਂ ਹੈ ਇਸ ਜਗਤ ਸੰਤ ਜਿਹੜੇ ਨੂੰ ਮੁਕਤ ਕਰ ਦੇਣ ਸੰਸਾਰ ਸਾਗਰ ਤੋਂ ਉਧਾਰ ਦੇਣ ਦੀ ਸਮਰੱਥਾ ਰੱਖਦੇ ਹਨ॥ ਸਤਿਗੁਰੂ ਅਮਰਦਾਸ ਜੀ ਦੇ ਵਿਚ ਪਹਿਲੇ ਦੇ ਸਮਾਂ ਦੇ ਦੁਸ਼ਮਣ ਨਾ ਸਤਗੁਰ ਦੇ ਆਪਣੀ ਆਤਮ ਪ੍ਰਕਾਸ਼ ਉਸ ਸਾਰੀ ਨਗਰੀ ਵਿਚ ਆਤਮਿਆਂ ਦੇ ਆਪਣੇ ਸਮੇਤ ਸਾਰੀ ਦਾ ਸਮਾਨ ਦਾ ਉਧਾਰ ਕਰ ਕੇ ਆਪਣੇ ਹਿਰਦੇ ਦੀ ਅਤਿ ਦੈਆਲਤਾ ਦਾ ਪਰਿਚੈ ਦਿਤਾ ਹੈ॥

ਆਪ ਨੇ ਜੋ ਆਪਣੇ ਪ੍ਰਚਾਰਕ ਸਤਿਗੁਰੂਆਂ ਦੀ ਤਰਾਂ ਆਪਣੇ ਪੁਤਰਾਂ ਬਾਬਾ ਮੋਹਨ ਜੀ ਤੇ ਮੋਹਰੀ ਜੀ ਨੂੰ ਗੁਰ ਗੱਦੀ ਨਹੀਂ ਦਿਤੀ ਸਗੋਂ ਆਪਣੇ ਸਿਖਾਂ ਵਿਚ ਵਿਚ ਗਰੀਬ ਜਿਹਾ ਨੂੰ ਆਪਣਾ ਜਵਾਈ (ਦਾਮਾਦ) ਬਣਾਇਆ ਤੇ ਉਸ ਦੀ ਆਦਰਸ਼ ਸੇਵਾ ਤੇ ਪ੍ਰੇਮ ਭਾਵ ਦੇਖ ਕੇ ਤੇ ਪਰਖ ਕਰਕੇ ਗੁਰ ਗੱਦੀ ਉਸੇ ਜੇਠਾ ਜੀ ਨੂੰ ਗੁਰੂ ਰਾਮਦਾਸ ਬਣਾ ਦੇ ਗੁਰ ਗੱਦੀ ਉਤੇ ਸੁਸ਼ੋਭਿਤ ਕੀਤਾ॥ ਪੰਜ ਪੈਸੇ ਤੇ ਨਾਰੀਅਲ ਭੇਟਾ ਟੇਕ ਦੇ ਸਾਰੀ ਸੰਗਤ ਨੂੰ ਗੁਰੂ ਰਾਮਦਾਸ ਦੇ ਪੈਰੀਂ ਪਾਇਆ॥ ਆਪ ੧ ਪੋਹ ਭਾਦੋਂ ਸੰਮਤ ਬਿਕ੍ਰਮੀ ੧੬੩੧ ਨੂੰ ਜੋਤੀ ਜੋਤਿ ਸਮਾ ਗਏ॥

ਗੁਰੂ ਰਾਮ ਦਾਸ ਜੀ॥ ਗੁਰੂ ਰਾਮ ਦਾਸ ਜੀ ਦਾ ਆਗਮਨ ਬਾਬਾ ਹਰਿਦਾਸ ਦੇ ਘਰ ਮਾਤਾ ਦਯਾ ਕੌਰ ਜੀ ਦੀ ਕੁਖੋਂ ਕਤੱਕ ਵਦੀ ੨ ਸੰਮਤ ਬਿਕ੍ਰਮੀ ੧੫੮੧ ਲਾਹੌਰ ਚੂਨਾ ਮੰਡੀ ਬਾਜ਼ਾਰ ਵਿਚ ਹੋਇਆ॥ ਆਪ ਦਾ ਪਹਿਲਾ ਨਾਮ ਜੇਠਾ ਜੀ ਸੀ॥ ਆਪ ਛੋਟੀ ਉਮਰ ਵਿਚ ਗੁਰੂ ਅਮਰ ਦਾਸ ਜੀ ਦੀ ਸ਼ਰਨੀ ਸੇਵਾਦਾਰ ਆ ਗਏ॥ ਗੁਰੂ ਜੀ ਦੀ ਸੰਗਤ ਦੇ ਦਰਸ਼ਨ ਕਰਦੇ

ਤੇ ਬਾਬਾ [illegible] ਸਿੰਘ [illegible] ਆਪਣੀ ਰੋਜ਼ੀ ਰੋਟੀ ਕਮਾਕੇ ਦੇਸ਼ ਛੋੜ
ਤਿਆਰ ਹੋ ਕੇ ਬਾਕੀ ਇਸ ਪਾਸੇ ਧਾਰਮਿਕ ਕੰਮਾਂ ਵਿਚ ਆਪਣਾ ਗੁਜ਼ਾਰਾ ਕਰਦੇ ॥

ਗੁਰੂ ਮਹਾਰਾਜ ਜੀ ਦੀ ਪੁੱਤਰੀ ਬੀਬੀ ਭਾਗੋ ਜੀ ਵਿਆਹ ਕਾਬਿਲ ਹੋ
ਗਏ ਸੀ ਤਾਂ ਉਸ ਸਮੇਂ ਦੇ ਰਿਵਾਜ ਅਨੁਸਾਰ ਗੁਰੂ ਮਹਾਰਾਜ ਜੀ ਆਪਣੇ ਪਰੋਹਿਤ
ਨੂੰ ਆਗਿਆ ਕੀਤੀ ਕਿ ਪਰੋਹਿਤ ਜੀ ਬੀਬੀ ਵਰ ਕਾਬਿਲ ਹੋ ਗਈ ਹੈ ਵਰ ਲੱਭ
ਲਿਆਓ ਕੋਈ, [illegible] ਤਾਂ [illegible] ਜਾਤ 'ਸੋਢੀ' ਹੀ ਹੋਵੇ ਚੰਗਾ ਹੋਵੇ.
[illegible] ਕਿ [illegible] ਦੀ [illegible]
[illegible] 'ਸੋਢੀ' [illegible]
[illegible] ਤਾਂ ਗੁਰੂ ਮਹਾਰਾਜ ਜੀ [illegible]
[illegible] ਆਪਣੇ [illegible]
[illegible] ਗੁਰੂ [illegible] ਜੀਦੇ ਆਪਣੀ ਪੁੱਤਰੀ
ਬੀਬੀ ਭਾਗੋ ਦਾ ਵਿਆਹ [illegible] ਕਰ ਦਿਤਾ ਤੇ [illegible]
[illegible] ਰਚ ਦਿਤਾ ॥

[illegible] ਨੇ ਗੁਰੂ ਮਹਾਰਾਜ ਜੀ ਦੀ ਸੇਵਾ [illegible]
[illegible] ਆਖਿਆ ਤਾਂ ਗੁਰੂ ਮਹਾਰਾਜ ਜੀ ਨੇ
[illegible] ॥ [illegible] ਹੁਕਮ ਕੀਤਾ ਕਿ [illegible]
[illegible] ਬਣਾਓ ॥ [illegible] ਬਣਾਏ ॥ [illegible]
[illegible] ਨੂੰ ਗੁਰੂ ਜੀ ਨੇ ਹੁਕਮ ਕੀਤਾ ਕਿ [illegible]
[illegible] ॥ [illegible]
[illegible] ਤੇ [illegible] ਨੂੰ [illegible]
[illegible] ਜੀ [illegible] ॥ [illegible] ਨੇ [illegible] ਕਿ
[illegible] ਬਣਾਕੇ ਤੇ [illegible] ਨੂੰ [illegible]
[illegible] ਕਰਕੇ [illegible] ਬਣਾਏ [illegible]
[illegible] ਉਸੇ ਤਰ੍ਹਾਂ ਹੁਕਮ ਮੁਤਾਬਕ [illegible] ਬਣਾਂਦੇ ਤੇ
[illegible] ਨੂੰ [illegible] ॥ [illegible] ਦੇ [illegible] ਕਿ [illegible]
~~[illegible]~~ [illegible] ਨੂੰ [illegible] ਜੀ [illegible] ਆਪਣੇ [illegible]
[illegible] ਹੈ ਤੇ ਹੈ [illegible] ਹੈ ਤੇ [illegible] ਨੂੰ [illegible]

ਦੇਂਦਾ ਹੈ ਅਤੇ ਇਸ ਦਾ ਗੁਰੂ ਜੀ ਬੜਾ ਜਿਕਰ ਹੈ ਕਿ ਜੀ ਇਸਨੂੰ ਇਸੇ ਮਸੂਰੀ ਤੇ ਆਈ ਰਹਿਣਾ ਹੈ॥ ਇਹ ਗਲ ਸੁਣਕੇ ਅਮਰਦਾਸ ਜੀ ਦੀਆਂ ਭੁਜਾਂ ਇਕਦਮ ਗਈਆਂ ਤੇ ਸੋਚਣ ਲਗੇ ਸਕਦੇ ਤਾਂ ਮੈਨੂੰ ਜੀ ਅਜਿਹਾਂ ਦੇ ਚਰਨ ਧਰਦੇ ਮੈਨੂੰ ਕੋਈ ਇਹਨਾ ਨਹੀਂ ਪਰ ਮੈਂ ਗੁਰੂ ਬਾਣੇ ਕੋਈ ਅਜੇਹਾ ਸਾਧਰ ਦਾ ਵਰਤੇ ਕੀ ਮੰਗੋ ਕੋਈ ਸੁਣ ਨਹੀਂ ਸਕਦੇ॥ ਜੋ ਗੁਰੂ ਅਮਰਦਾਸ ਆਪੀ ਇੰਦਰਜੀ (ਸਿੱਖੀ) ਵਜ੍ਹਾ ਬਾਬਾ ਦੇ ਸੁਆਮੀ ਦੁਆਈ ਕਾ ਤਾਂ ਅਮਰਦਾਸ ਜੀਵਨ ਤਕ ਇਹ ਰਹੇ ਗਾ॥

ਗੁਰੂ ਅਮਰਦਾਸ ਜੀ ਨੇ ਅਮਰਦਾਸ ਦੀ ਇਤਿਹਾਸ ਤੇ ਸੁਗਾਹਾ ਦੀ ਪਰਪੰਰਾ ਦੇਖ ਕੇ ਆਪਣੇ ਪੁਤਰਾਂ ਨੂੰ ਨਜ਼ਰਅੰਦਾਜ਼ ਕਰਕੇ ਗੁਰੂ ਅਮਰ ਦੀ ਗੱਦੀ ਦਾ ਹੁਕਮ ਅਮਰਦਾਸ ਨੂੰ ਬਖਸ਼ਿਆ॥ ਪੰਜ ਪੈਸੇ ਤੇ ਨਾਰੀਅਲ ਮੱਥਾ ਟੇਕ ਕੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਤੇ ਸੁਸ਼ੋਭਤ ਕੀਤਾ ਤੇ ਬਾਬਾ ਬੁੱਢਾ ਨੂੰ ਹੁਕਮ ਕਰਕੇ ਤਿਲਕ ਦੇ ਪੱਗੀ ਪਾ ਦਿਤਾ॥

ਗੁਰੂ ਅਮਰਦਾਸ ਜੀ ਨੇ ਜੋ "ਅੰਮ੍ਰਿਤਸਰ" ਸਰੋਵਰ ਬਣਵਾਇਆ ਸੀ ਉਸ ਸਰੋਵਰ ਬਣਵਾਇਆ ਇਸ ਸਰੋਵਰ ਦਾ ਨਾਮ ਅਜ ਵੀ ਅੰਮ੍ਰਿਤਸਰ ਹੈ॥ ~~ਇਸ ਸਰੋਵਰ~~ ਇਹ ਕੋਈ ਦੁਖ ਤੋਂ ਆਪਣੇ ਜਿਹਨਾਂ ਨੂੰ ਹੁਕਮ ਕਰਕੇ ਇਥੇ ~~[illegible]~~ ਅਸ਼ੀਰ ਦੇਕੇ ਆਸਕੇ ਹੁਕਮ ਕਿਤਾ ਕੇ ਕੋਈ ਜਿਸ ਕੋਈ ਦੁਖ ਤੋਂ ਆਵੇ ਇਥੇ ਨ੍ਹਾ ਜਾਵੇ। ਇਸ ਗਲ ਵਿਚ ਸਰੋਵਰ ਦਾਖਲ ਦਾ ਦੇਂਦਾ ~~[illegible]~~ ਸਿਮਾ॥

?
ਇਸ ਸਰੋਵਰ ਦਾ ਪਹਿਲਾ ਨਾਮ ਰਾਮਦਾਸਪੁਰ ਸੀ॥ ਗੁਰੂ ਅਮਰਦਾਸ ਜੀ ਨੇ ਇਸ ਸਰੋਵਰ ਦਾ ਪ੍ਰਕਾਸ਼ ਅੰਮ੍ਰਿਤ ਸਰੋਵਰ ਕੀਤਾ ਕਿ ਇਸ ਬਾਰੇ ਸ੍ਰੀ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਜੀ ਨੇ ਲਿਖਿਆ ਹੈ ~~[illegible]~~

"ਰਾਮ ਰਾਜ ਰਾਮਦਾਸਪੁਰ ਕੀਨੇ ਗੁਰਦੇਵ॥"

(ਮਹ ੫)

ਅਤੇ ਰਾਮਦਾਸਪੁਰ (ਅੰਮ੍ਰਿਤਸਰ) ਵਿਚ ਗੁਰੂ ਜੀ ਨੇ ਰਾਮ ਰਾਜ ਹੋਣਾ ਕਿਤਾ ਜਿਥੇ ਕੋਈ ਦੁਖੀ ਨਹੀਂ ਸੀ॥ ਜੋ ਦਸੀ 'ਰਾਮ ਰਾਜ" ਗਏ ਹੋਰ ਜਿਸ ਰਾਜੋਂ ਰਾਜ ਦੀ ਕੋਈ ਮਿਸਾਲ ਸੰਸਾਰ ਵਿਚ ਕੋਈ ਤਾਂ ਗੁਰੂ ਅਰਜਨ ਦੇਵ ਜੀ ਉਸੇ ਰਾਜ ਦੀ ਉਪਮਾ ਦੇਂਦੇ ਇਤਿਹਾਸ ਹੋਰ ਇਥੇ ਆਬਾਦ ਹੋ ਕੇ ਹਰ ਪਰਕਾਰ ਸੁਖੀ, ਖੁਸ਼ਹਾਲ ਤੇ ਬੇਫਿਕਰ ਹੋ ਗਏ ਸਨ ਜਿਵੇਂ ਭਗਵਾਨ ਰਾਮ ਦੇ ਰਾਜ ਵਿਚ ਪਰਜਾ ਸੰਤੁਸ਼ਟ ਸੀ॥

ਗੁਰੂ ਅਮਰਦਾਸ ਜੀ ਦੇ ਇਕ ਪੁੱਤਰ ਹੋਏ ਜੋ ਸਭ ਤੋਂ ਵੱਡੇ ਪ੍ਰਿਥੀਚੰਦ ਜਨੇ ਤੇ ਸਭ ਤੋਂ ਛੋਟੇ ਅਰਜਨ ਦੇਵ ਜੀ ਸਨ॥ ਆਪ ਨੇ ਹੀ ਗੁਰ ਗੱਦੀ ਦੇ ਵਾਰਿਸ

ਆਪਣੇ ਸਮਾਂ ਤੋਂ ਕੇਵਲ ਪੁੱਤ੍ਰ ਸ੍ਰੀ ਅਰਜਨ ਦੇਵ ਨੂੰ ਬਖਸ਼ਿਆ। ਉਸ ਵਿਚ ਅਨੇਕ ਸਿਖੀ ਦੀ ਰਾਹਤਾਂ ਤੇ ਗੁਰੂ ਤਖਤ ਦਾ ਭਾਵ ਪੂਰਨ ਸੰਬੰਧ ਵਿਸ਼ੇ ਤੇ ਵਿਚਾਰ ਆਪ ਸਾਰਾ ਵਿਵਰਣ ਤੇ ਸੰਗਤਿ ਦੇ ਗਿਆਨ ਕੀਤਾ॥ ਚੰਗੀਤਰਾਂ ਪਰਖ ਕੇ ਗੁਰੂ ਰਾਮਦਾਸ ਜੀ ਨੇ ਅੰਤ ਪਿਛੋਂ ਤੇ ਨਿਰਣਯ ਅਰਜਨ ਦੇਵ ਦੇ ਸਿਰ ਗੱਦੀ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੁਸ਼ੋਭਿਤ ਕਰ ਦਿਤਾ। ਅਤੇ ਆਪ ਭਾਦੋਂ ਸੁਦੀ ਤੀਜ ਸੰਮਤ ੧੬੩੮ ਵਿ: ਵਿਚ ਜੋਤੀ ਜੋਤਿ ਸਮਾ ਗਏ।

ਗੁਰੂ ਅਰਜਨ ਦੇਵ ਜੀ॥ ਆਪ ਜੀ ਦਾ ਅਵਤਾਰ ਗੁਰੂ ਰਾਮਦਾਸ ਜੀ ਦੇ ਗ੍ਰਿਹ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਵਿਖੇ ਵੈਸਾਖ ਵਦੀ ਸਾਤਮੀ ੧੬੨੦ ਬਿਕਰਮੀ ਨੂੰ ਹੋਇਆ। ਆਪ ਬੜੇ ਆਗਿਆਕਾਰ, ਮਿਠ ਬੋਲੇ, ਵਿਦਵਾਨ ਤੇ ਧਿਆਨੀ ਦੇ ਪੁੰਜ ਸਨ। ਆਪ ਜੀ ਨੇ ਕਈ ਸੁੰਦਰ ਨਗਰ ਤੀਰਥ ਵਸਾਏ। ਅੰਮ੍ਰਿਤਸਰ ਦਾ ਹਰਿਮੰਦਰ (ਦਰਬਾਰ ਸਾਹਿਬ), ਸੰਤੋਖਸਰ, ਤਰਨ ਤਾਰਨ, ਕਰਤਾਰਪੁਰ ਤੇ ਹੋਰ ਕਈ ਧਾਰਮਿਕ ਅਸਥਾਨ ਬਣਵਾਏ। ਆਪ ਨੇ ਆਪਣੇ ਗੁਰੂ ਸਾਹਿਬਾਨ ਦੀ ਬਾਣੀ ਤੇ

(੧) ਹੋਰ ਭਗਤ ਜਨ ਦਰਵੇਸ਼ ਫਕੀਰਾਂ ਮਹਾਂਪੁਰਖਾਂ ਦੀ ਬਾਣੀ ਨੂੰ ਇਕ ਜਗ੍ਹਾ ਇਕੱਠਾ ਕਰ ਕੇ ਇਕ ਅਦੁਤੀ ਗ੍ਰੰਥ ਤਿਆਰ ਕੀਤਾ। ਇਸ ਗ੍ਰੰਥ ਦਾ ਸੰਗ੍ਰਹਿ ਆਪ ਨੇ ਕੀਤਾ ਤੇ ਅੱਗੋਂ ਤਰਤੀਬ ਲਿਖਣ ਵਿਚ ਭੀ ਇਸ ਦੇ ਸਹਿਯੋਗ ਦੀ ਪਰਪਾਟੀ ਪਾਈ। ਇਸ ਗ੍ਰੰਥ ਨੂੰ ਪਹਿਲੇ 'ਪੋਥੀ ਸਾਹਿਬ' ਕਹਿਆ ਜਾਂਦਾ ਸੀ, ਫਿਰ ਇਸ ਨੂੰ ਗ੍ਰੰਥ ਜਾਂ ਗ੍ਰੰਥ ਜੀ

(੨) ਕਹਿਆ ਜਾਣ ਲਗ ਪਿਆ। ਪਰ ਕਿਉਂਕਿ ਗ੍ਰੰਥ ਤਾਂ ਸੰਸਾਰ ਵਿਚ ਅਨੇਕਾਂ ਹੀ ਹਨ ਇਸ ਲਈ ਇਸ ਦੇ ਦਾ ਨਿਖੇੜਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿਆ ਜਾਣ ਲਗ ਪਿਆ ਫਿਰ ਜਦੋਂ ਇਕ ਗ੍ਰੰਥ ਦੀ ਰਚਨਾ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਕੀਤੀ ਤਾਂ ਸਿਖਾਂ ਅਤੇ ਗੁਰੂ ਸਾਹਿਬਾਨ ਦੇ ਰਚੇ ਦੋ ਗ੍ਰੰਥ ਸਾਹਿਬ ਹੋ ਗਏ ਤਾਂ ਇਹਨਾਂ ਦੋਨਾਂ ਦਾ ਨਿਖੇੜਾ ਕਰਨ ਲਈ ਪਹਿਲੇ ਗੁਰੂ ਸਾਹਿਬਾਨ ਵਾਲੇ ਗ੍ਰੰਥ ਤੇ ਪਹਿਲਾਂ 'ਆਦਿ' ਸ਼ਬਦ ਲਗਾ ਦਿਤਾ ਗਿਆ ~~[illegible]~~ ਤੇ ਇਸ ਦਾ ਪੂਰਾ ਨਾਮ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਹੋ ਗਿਆ ਜਿਸ ਦਾ ਭਾਵ ਸੀ ਕਿ ਇਹ ਪਹਿਲੇ ਸ੍ਰੀ ਗੁਰੂ ਸਾਹਿਬਾਨ ਦਾ ਗ੍ਰੰਥ ਹੈ ਅਤੇ ਦੂਜੇ ਗ੍ਰੰਥ ਸਾਹਿਬ ਦੇ ~~[illegible]~~ ਨਾਮ ਦੇ ਪਹਿਲੇ 'ਸ੍ਰੀ ਦਸਮ' ਲਗਾ ਦਿਤਾ ਗਿਆ ਤੇ ਉਸ ਦਾ ਪੂਰਾ ਨਾਮ "ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ" ਹੋ ਗਿਆ ਜਿਸ ਦਾ ਭਾਵ ਹੈ ਕਿ ਇਹ ਗ੍ਰੰਥ ਸਾਹਿਬ ਸ੍ਰੀ ਦਸਵੇਂ ਗੁਰੂ ਸਾਹਿਬ ਦੀ ਰਚਨਾ ਹੈ। ਅਜਕਲ ਸਮੇਂ ਦੇ ਪਰਚਾਰ ਅਨੁਸਾਰ ਕਈ ਸਿਖ ਇਸ ਦੂਸਰੇ ਗ੍ਰੰਥ ਸਾਹਿਬ ਨੂੰ ਕੇਵਲ 'ਦਸਮ ਗ੍ਰੰਥ' ਹੀ ਕਹਿਣ ਲਗ ਪਏ ਹਨ ਪਰ ਸਾਰ ਤਰ ਸਾਰੇ ਹੀ

? ਕਈ ਹੋਰ ਗ੍ਰੰਥ ਸਾਹਿਬਾਨ ਉਤੇ ਨਾਮ 'ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ' ਹੀ ਲਿਖਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਤਪਦੇ ਸਮੇਂ ਆਪ ਕੀਰਤਨ ਕਰਦੇ ਸਨ ਤੇ ਰਵੀ ਵਾਲੀ ਵਿਚਰਨਾ ਤਬ ਵਿਚ ਬੈਠੇ
ਸੰਗਤ ਵਿਚ ਬਹੁਤੇ ਹੋਏ ਕੀਰਤਨ ਕਰਦੇ ਸਨ। ਤਾਣੀ ਵੀ ਸਿੰਘ ਜੀ ਨੇ ਲਿਖਿਆ ਹੈ ਕਿ ਸਬਰ ਪਕੜੇ
ਹੋਏ ਰਵੀ ਰਵੀ ਉਨ ਵਿਸਤਾਂ ਰੰਗਾ ਵਿਚ ਫੇਰੀ ਬੈਠੇ ਜਿਵੇਂ ਨਿਰਤ ਕਰੀਦੀ ਹੈ। ਭਾਵ
ਇਹ ਕਿ ਗੁਰੂ ਜੀ ਜਿਵੇਂ ਵਿਦਵਾਨ ਕਹੀ ਜਾਣ ਉਵੇਂ ਹਰ ਵਿਦਿਆ ਤੋਂ ਜਾਣੂ ਕੀਰਤਨ ਦੇ ਮਾਹਿਰ ਵੀ ਸਨ।

ਆਪ ਸੰਗੀਤ ਕੀਰਤਨ ਦੇ ਮਾਹਰ ਸਨ। ਆਪ ਜੀ ਦਾ ਰਾਗ ਬਹੁਤ ਮਿੱਠਾ ਸੀ ਤੇ
ਦਰਬਾਰ ਸਾਹਿਬ ਤੋਂ ਵੀ ਲੋਕ ਮਿੱਠਾ ਹੋ ਗਿਆ। ਇਤਿਹਾਸ ਕਹਿੰਦਾ ਹੈ ਬਾਬਾ ਸ੍ਰੀ ਚੰਦ ਜੀ ਉਨ੍ਹਾਂ ਪਾਸ
ਆਏ ਤਾਂ ਉਨ੍ਹਾਂ ਪੁੱਛਿਆ ਕਿ ਇਹ ਰਾਗ ਕਿਵੇਂ ਇਤਨਾ ਮਿੱਠਾ ਹੋ ਗਿਆ ਹੈ ਤਾਂ
ਗੁਰੂ ਜੀ ਨੇ ਸੰਗੀਤ ਸ਼ਾਸਤਰ ਦੀ ਵਿਦਿਆ ਦਾ ਅਭਿਆਸ ਵਿਚ ਆਪ ਕੀਤੇ ਸਾਧੂਆਂ ਸੰਤਾਂ ਮਹਾਂਪੁਰਖਾਂ
ਦੇ ਨਾਲ ਬਚਨ ਬਿਲਾਸ ਹੈ ਤੇ ਸਤਿਗੁਰੂ ਜੀ ਉਨ੍ਹਾਂ ਦੇ ਨਾਲ ਰਬਾਬ ਦੇ ਆਪਣੇ ਹੱਥ ਨਾਲ
ਸ਼ਿੰਗਾਰ ਕਰ ਕੇ ਇਹ ਸੁੰਦਰ ਰੂਪ ਦੇ ਜਾਣੀ ਸੰਗਤ ਦੇ ਰੂਬਰੂ ਸੁਣਾਉਂਦੇ ਹਨ ਤੇ ਗੁਰੂ ਅਰਜਨ
ਦੇਵ ਜੀ ਦੀ ਵਿਦਵਤਾ ਤੇ ਸੰਗੀਤ ਕੀਰਤਨ ਨੂੰ ਦੇਖ ਕੇ ਬਹੁਤ ਖੁਸ਼ ਹੋਏ। × ਸਾਖੀਆਂ

ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਦੇ ਹੀ ਰਹਿ ਵਿਚਰਦੇ ਸੀ ਆਪ ਨੇ ਆਪਣੀ
ਬਾਣੀ ਵਿਚ ਅੰਮ੍ਰਿਤਸਰ ਦੇ ਸਰੋਵਰ ਦੀ ਉਸਤਤ ਕੀਤੀ ਹੈ। ਆਪ ਹਿਰਦੇ ਅਤੇ ਨਿਮਰਤਾ ਵਾਲੀ
ਆਤਮਿਕ ਸ਼ਕਤੀ ਸੀ ਆਪ ਨੇ ਆਪਣੀ ਬਾਣੀ ਵਿਚ ਰਾਗ ਗਾਉਂਦੇ ਵਿਚ ਲਿਖਿਆ ਹੈ:-

ਸੰਤਨ ਮੋਹੇ ਮਿਲਾਏ ਦੇਵ ॥
ਸਭ ਪਾਪ ਗੁਰ ਨਾਸੀ ਦੇਵ ॥

(੧)

ਗੁਰੂ ਜੀ ਦਾ ਵੱਡਾ ਭਰਾਤਾ ਪ੍ਰਿਥੀ ਚੰਦ ਸੀ ਜੋ ਗੁਰੂ ਜੀ ਦਾ ਵਿਰੋਧ ਕਰਦਾ ਰਿਹਾ
ਕਿਉਂਕਿ ਵੱਡਾ ਪੁੱਤਰ ਹੋਣ ਕਰਕੇ ਉਹ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ। ਉਹ
ਗੁਰੂ ਅਰਜਨ ਦੀ ਮਹਿਮਾ ਵੇਖ ਕੇ ਜਰ ਨਹੀਂ ਸੀ ਸਕਦਾ। ਗੁਰੂ ਜੀ ਦੀ ਇਕ ਮਾਤਰ ਸੰਤਾਨ
ਸਪੁੱਤਰ ਹਰਿਗੋਬਿੰਦ ਨੂੰ ਖਤਮ ਕਰਨ ਦੇ ਲਈ ਵੀ ਪ੍ਰਿਥੀ ਚੰਦ ਨੇ ਜਤਨ ਕੀਤੇ ਪਰ ਉਨ੍ਹਾਂ
ਦਾ ਵਾਲ ਵਿੰਗਾ ਨਾ ਕਰ ਸਕਿਆ। ਪ੍ਰਿਥੀ ਚੰਦ ਦਰਬਾਰ ਸ਼ਾਹ ਮੁਗਲ ਤੱਕ ਪਹੁੰਚੀ ਹੋਈ ਸੀ
ਗੁਰੂ ਅਰਜਨ ਦੇਵ ਜੀ ਦੇ ਵਿਰੁਧ ਝੂਠੀਆਂ ਸੱਚੀਆਂ ਸ਼ਿਕਾਇਤਾਂ ਕਰਦਾ ਰਹਿੰਦਾ
ਸੀ॥

'ਚੰਦੂ' ਨਾਮ ਦਾ ਇਕ ਸਰਕਾਰੀ ਅਹਿਲਕਾਰ ਗੁਰੂ ਜੀ ਨਾਲ ਨਾਰਾਜ਼ ਹੋ ਗਿਆ
ਕਿਉਂਕਿ ਉਸ ਨੇ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਦੇ ਸਪੁੱਤਰ ਹਰਿਗੋਬਿੰਦ
ਦੇ ਨਾਲ ਕਰਨਾ ਚਾਹੁੰਦਾ ਸੀ ਪਰ ਉਸਨੇ ਆਪਣੇ ਆਪ ਨੂੰ ਬਹੁਤ ਵੱਡਾ ਸਮਝ ਕੇ ਗੁਰੂ ਜੀ ਦੀ
ਸ਼ਾਨ ਵਿਰੁਧ ਆਪ ਸ਼ਬਦ ਬੋਲੇ ਜਿਸ ਕਰਕੇ ਸੰਗਤ ਨੇ ਗੁਰੂ ਜੀ ਅੱਗੇ ਅਰਜ਼ ਕੀਤੀ ਕਿ
ਗਰੀਬ ਨਿਵਾਜ਼ ਇਸ ਚੰਦੂ ਦਾ ਰਿਸ਼ਤਾ ਸਵੀਕਾਰ ਨਹੀਂ ਕਰਨਾ। ਸੋ ਗੁਰੂ ਜੀ ਨੇ ਉਸ

ਜੋ ਲੜਕੀ ਦਾ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਵਿਚ 'ਚੰਦੂ' ਨੇ ਆਪਣੀ ਬੜੀ ਭਾਰੀ ਹੱਤਕ ਸਮਝੀ ਤੇ ਮਨ ਵਿਚ ਠਾਣ ਲਈ ਕਿ ਇਸ ਦਾ ਬਦਲਾ ਜ਼ਰੂਰ ਲਵਾਂਗਾ।

ਪ੍ਰਿਥੀ ਚੰਦ ਤੇ ਉਸ ਦੀ ਪਤਨੀ ਨੇ ਬਾਦਸ਼ਾਹ ਜਹਾਂਗੀਰ ਤਕ ਇਹ ਸ਼ਿਕਾਇਤ ਕੀਤੀ ਸੀ ਕਿ ਜੋ ਗ੍ਰੰਥ ਗੁਰੂ ਅਰਜਨ ਨੇ ਤਿਆਰ ਕੀਤਾ ਹੈ ਉਸ ਵਿਚ ਇਸਲਾਮ ਦੀ ਬੜੀ ਤੌਹੀਨ ਲਿਖੀ ਹੈ ਅਤੇ ਜਹਾਂਗੀਰ ਦੇ ਬਾਗੀ ਸ਼ਹਿਜ਼ਾਦੇ ਖੁਸਰੋ ਨੂੰ ਪਨਾਹ ਦਿੱਤੀ ਹੈ। ਇਹ

(੩) ਜਹਾਂਗੀਰ ਨੇ ਪਹਿਲਾਂ ਹੀ ਇਸ ਮਤ ਬਾਰੇ ਆਪਣੀ ਤੁਜ਼ਕ ਵਿਚ ਲਿਖਿਆ ਸੀ ਕਿ ਝੂਠ ਦੀ ਦੁਕਾਨ। ਚੰਦੂ [illegible]

ਵਿਰੋਧੀਆਂ ਦੀਆਂ ਗੱਲਾਂ ਦਾ ਪ੍ਰਭਾਵ ਇਹ ਹੋਇਆ ਕਿ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਆਂਦਾ ਗਿਆ। ਤੇ ਉਨ੍ਹਾਂ ਅੱਗੇ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖੀ ਗਈ ਨਹੀਂ ਤੇ ਸ਼ਰ੍ਹਾ ਦੇ ਅਨੁਸਾਰ ਉਨ੍ਹਾਂ ਨੂੰ ਸਜ਼ਾ ਭੁਗਤਣੀ ਪਵੇਗੀ। ਗੁਰੂ ਜੀ ਨੇ ਇਸਲਾਮ ਕਬੂਲ ਕਰਨ ਨਾਲੋਂ ਸਜ਼ਾ ਭੁਗਤਣੀ ਹੀ ਉਚਿਤ ਸਮਝੀ। ਮੁਗਲਾਂ ਦੀ ਸ਼ਰ੍ਹਾ ਵਿਚ ਜਿਸ ਜੁਰਮ ਦੀ ਸਜ਼ਾ ਵਿਚ ਸਾਧਾਰਨ ਆਦਮੀ ਵਾਸਤੇ ਮੌਤ ਹੁੰਦੀ ਹੈ ਉਹ ਹੀ ਜੁਰਮ

(੨) ਜੇ ਕੋਈ ਧਾਰਮਿਕ ਆਦਮੀ ਕਰੇ ਤਾਂ ਉਸ ਦੀ ਸਜ਼ਾ ਦੂਸਰੇ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਨਾ ਹੁੰਦੀ ਹੈ ਜਿਸ ਨੂੰ ਉਹ 'ਯਾਸਾ' ਕਹਿੰਦੇ ਹਨ। ਇਸ ਵਾਸਤੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਮਾਰਨ ਦੀ ਸਜ਼ਾ ਸੁਣਾਈ ਗਈ। ਅਤੇ ਇਸ ਕੰਮ 'ਚੰਦੂ' ਨੇ ਜ਼ਿੰਮੇਵਾਰੀ ਲਈ ਕਿ ਉਹ ਗੁਰੂ ਜੀ ਨੂੰ ਅਜਿਹੇ ਤਸੀਹੇ ਦੇਵੇਗਾ ਕਿ ਆਖ਼ਿਰ ਇਸਲਾਮ ਵੀ ਕਬੂਲ ਕਰ ਲੈਣ ਗੇ ਤੇ ਨਾਲੇ ਮੇਰੀ ਲੜਕੀ ਦਾ ਰਿਸ਼ਤਾ ਵੀ ਸਵੀਕਾਰ ਕਰਨ ਤੇ ਮਜਬੂਰ ਹੋ ਜਾਣ ਗੇ।

'ਚੰਦੂ' ਨੇ ਗੁਰੂ ਜੀ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਉਹ ਉਸ ਦੀ ਲੜਕੀ ਦਾ ਰਿਸ਼ਤਾ ਅਜੇ ਵੀ ਮੰਨ ਲੈਣ ਤਾਂ ਨਿਸ਼ਚਿਤ ਤੌਰ ਤੇ ਬਚ ਸਕਦੇ ਹਨ ਪਰ 'ਸਾਚਾ [illegible]' ਅਨੁਸਾਰ ਉਹ ਪਹਾੜ ਵਾਂਗੂ ਅਡਿੱਗ ਸਨ। ਚੰਦੂ ਨੇ ਗੁਰੂ ਜੀ ਨੂੰ ਅਜਿਹੇ ਤਸੀਹੇ ਦਿੱਤੇ ਕਿ ਸੁਣ ਕੇ ਰੂਹ ਕੰਬ ਜਾਂਦੀ ਹੈ। ਤੱਤੀ ਲੋਹ ਉਤੇ ਬਿਠਾ ਕੇ ਸਿਰ ਵਿਚ ਕੜਛਿਆਂ ਨਾਲ ਗਰਮ ਗਰਮ ਰੇਤ ਪਾਈ। ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ ਜਿਸ ਨਾਲ ਗੁਰੂ ਜੀ ਦਾ ਸਰੀਰ ਆਲੂ ਵਾਂਗੂੰ ਉਬਲ ਗਿਆ ਪਰ ਇਹ ਸਭ ਕੁਝ ਉਹ [illegible] ਈਸ਼ਵਰ ਇੱਛਿਆ ਸਮਝ ਕੇ ਸਹਾਰਦੇ ਰਹੇ।

ਆਖ਼ਰ ਕਾਜ਼ੀਆਂ ਦੇ ਫ਼ਤਵੇ ਅਨੁਸਾਰ ਇਹ ਫ਼ੈਸਲਾ ਹੋਇਆ ਕਿ ਇਹਨਾਂ ਨੂੰ ਗਊ

ਦੇ ਰੱਤੇ ਰਸਤੇ ਵਿਚ ਮਤੁ ਦਿਤਾ ਜਾਵੇ ਤਾਂ ਸਾਰੇ ਹੀ ਅੰਦਰ ਨਾਸਕ ਤੇ ~~[illegible]~~ ਦਮ
ਘੁਟ ਕੇ ਮਰ ਜਾਵੇ ਗਾ। ਤਦ ਗੁਰੂ ਜੀ ਨੂੰ ਅੰਤਮ ਇਛਿਆ ਪੁਛੀ ਗਈ ਤਾਂ ਉਨ੍ਹਾਂ ਕਿਹਾ
ਕਿ ਮੈਂ ਰਾਵੀ ਨਦੀ ਤੇ ਪਵਿਤ੍ਰ ਇਸ਼ਨਾਨ ਕਰਨਾ ਚਾਹੁੰਦਾ ਹਾਂ ਸੋ ਸਪਾਹੀਆਂ ਦੇ
ਪਹਿਰੇ ਵਿਚ ਉਨ੍ਹਾਂ ਨੂੰ [illegible] ਰਾਵੀ ਤੇ ਲੈ ਜਾਇਆ ਗਿਆ।

ਗੁਰੂ ਜੀ ਨੂੰ ਮੌਤ ਦਾ ਤਾਂ ਕੋਈ ਡਰ ਹੀ ਨਹੀਂ ਸੀ ਉਨ੍ਹਾਂ ਆਪ
ਹੀ ਆਪਣੀ ਬਾਣੀ ਵਿਚ ਲਿਖਿਆ ਹੈ:—

"ਦੇਣੀ ਮਾਣੀ [illegible] ਪੜਿ [illegible] ਕਿਆ ਸੀ ਮਾਣਾ ਹੈ ਰਹਿਣ"

ਪਰ ਉਨ੍ਹਾਂ ਦੇ ਸਾਮਣੇ ਵਿਚ [illegible] ਕਰਦ [illegible] ਨੂੰ ਲਿਖਿਆ ਸੀ। ਉਨ੍ਹਾਂ ਦੀ
ਪਾਲਣ ਵਿਚ ਗਏ ਵਰਤ ਦੇਕੇ ਕਾਲੀ ਜੀ ਦਿਲ ਦੇ/ ਰਸਤੇ ਵਿਚ ਉਨ੍ਹਾਂ ਨੂੰ
ਮਰ੍ਹਿਆ ਜਾਣਾ ਸੀ। ਇਹ ਜਾਣ ਉਹ [illegible] ਜ ਲਗ ਸਦੇ ਹੋ [illegible] ਸਾਹਿਤਕ ਬਖੀਦਾ
ਦੀ ਕਾਰਨ ਜਾਣ ਉਨ੍ਹਾਂ ਦਾਤਾ ਵਿਚ ਟੁੱਬੀ ਮਾਰੀ ਤੇ ਫਿਰ ਬਾਹਰ ਨਹੀਂ
ਨਿਕਲੇ। ਇਹ ਜਿਸ ਨੂੰ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ ਪਰ ਉਹ ਗਏ ਗਇਆ ਦੇ ਸਰੂਪ ਨੂੰ
ਲਿਆ ਗਏ। ਆਪ ਦਾ ਇਹ ਸਾਹਿਤਕ ਬਖੀਦਾ ~~[illegible]~~ ਵਿਚ ਅੰਗਮੀ
ਸਰੀਰ ਤੋਂ ਬਿਨਾ ਹੀ ਕੋਈ ਮਿਸਾਲ ਨਹੀਂ ਮਿਲ ਸਕਦੀ। ਆਪ ਜੇਠ ਸੁਦੀ
ਚੌਥ ਸੰਮਤ ੧੬੬੩ ਬਿਕ੍ਰਮੀ ਨੂੰ ਜੋਤੀ ਜੋਤਿ ਸਮਾ ਗਏ ਤੇ ਗੁਰ ਗਦੀ ਆਪਣੇ
ਸੁਪੁਤ੍ਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੌਂਪ ਗਏ।

ਗੁਰੂ ਹਰਿਗੋਬਿੰਦ ਜੀ:— ਗੁਰੂ ਹਰਿਗੋਬਿੰਦ ਜੀ ਦਾ ਅਵਤਾਰ ਸ੍ਰੀ
ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁਖੋਂ ਹਾੜ ਵਦੀ ਏਕਮ ਸੰਮਤ
੧੬੫੨ ਬਿਕ੍ਰਮੀ ਨੂੰ ਵਡਾਲੀ ਜਿਲਾ ਅੰਮ੍ਰਿਤਸਰ ਵਿਚ ਹੋਇਆ। ਜਦੋਂ ਆਪ ਤਖਤ
ਤੇ ਗੁਰ ਗਦੀ ਪਰ ਬਿਰਾਜਮਾਨ ਹੋਏ ਤਾਂ ਆਪ ਨੇ ਦੋ ਤਲਵਾਰਾਂ ਪਹਿਨੀਆਂ ਜੋ
'ਪੀਰੀ' ਤੇ ਨਾਲ 'ਮੀਰੀ' ਦੀਆਂ ਪ੍ਰਤੀਕ ਸਨ। ਗੁਰੂ ਅਰਜਨ ਦੇ ਵੇਲੇ ਚਲਦੀ ਆ ਰਹੀ
ਸਿਖਾਂ ਅੰਦਰ ਭਗਤੀ ਦੀ ਲਹਿਰ ਨੂੰ ਦੇ ਨਾਲ ਉਨ੍ਹਾਂ ਸੁਰਤੀ ਦੀ ਦਲੇਰੀ ਦੀ ਲੋੜ ਨੂੰ
ਅਨੁਭਵ ਕਰ ਕੇ ਸੰਗਤਾਂ ਵਲ ਹੁਕਮ ~~[illegible]~~ ਕਾਸੇ ਭੇਜ ਦਿਤੇ ਕਿ ਜੋ ਸਿਖ ਭੇਟਾ ਵਜੋਂ
ਘੋੜੇ ਤੇ ਸ਼ਸਤਰ ਲੈ ਕੇ ਆਵੇ ਗਾ ਉਸ ਨੂੰ ਗੁਰੂ ਸਾਹਿਬ ਦੀ ਖੁਸ਼ੀਆਂ ਪ੍ਰਾਪਤ ਹੋਣ ਗੀਆਂ।
ਥੋੜੇ ਸਮੇਂ ਵਿਚ ਸੰਗਤਾਂ ਨੂੰ ਅਣਗਿਣਤ ਘੋੜੇ ਤੇ ਸ਼ਸਤਰ ਗੁਰੂ ਜੀ ਦੀ ਭੇਟ
ਕਰਕੇ ਦਿਸਤਾਂ ਵਿਚ ਚੰਗੀ ਤਾਕਤੀ ਫੌਜ ਗੁਰੂ ਜੀ ਪਾਸ ਇਕੱਤਰ ਹੋ ਗਈ।

ਭਗਤੀ ਦੇ ਨਾਲ ਸ਼ਕਤੀ ਦਾ ਮੇਲ ਕੋਈ ਨਵੀਂ ਗੱਲ ਨਹੀਂ ਸੀ ਪਹਿਲੋਂ ਵੀ ਤਾਂ ਖ਼ਾਲਸਾ ਸਜਾਉਣਾ ਧਰਮ ਦੀ ਹੀ ਪ੍ਰਫੁੱਲਤਾ ਸੀ॥ ਜਦੋਂ ਆਪਣੀ ਭਗਤਾਂ, ਫ਼ਕੀਰ ਲੋਕ ਦੀ ਤਪੱਸਿਆ ਛੋਟੀਆਂ ਹੋ ਜਾਂਦੇ ਸਨ ਤਾਂ ਜਿਹੜੇ ਵਿਚ ਭਗਤੀ ਦਾ ਪ੍ਰਕਾਸ਼ ਹੈ ਉਥੇ ਨਾਲ ਹੀ ਵਿਚ ਸ਼ਕਤੀ ਦਾ ਜਿਤੂ ਅੰਸ਼ ਵੀ ਹੈ॥ ਜੇਕਰ ਇਕ ਵਿਚ ਕੇਵਲ 'ਧਰਮ' (ਰੱਬੀ ਰੂਪ) ਹੈ ਤਾਂ ਦੂਜੇ ਇਕ ਵਿਚ ਤਿਆਗ ਨਾਲ ਸ਼ਕਤੀ 'ਗਦਾ' ਵੀ ਹੈ॥ ਜਿਸ ਤੋਂ ਭਾਵ ਹੈ ਕਿ ਜੇਕਰ ਅਸਲ ਭਗਤੀ ਧਰਮ ਦੀ ਰਖਿਆ ਲਈ ਸ਼ਕਤੀ ਦੀ ਵਰਤੋਂ ਕਰਨੀ ਉਚਿਤ ਹੀ ਨਹੀਂ ਜ਼ਰੂਰੀ ਵੀ ਹੈ॥ ਪਰ ਮੁੱਖ ਧਰਮ ਭਗਤੀ ਹੀ ਹੈ ਸ਼ਕਤੀ ਨਹੀਂ ਹੈ॥

ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਸਾਹਿਬ ਦੇ ਸ਼ਹੀਦ ਹੋਣ ਤੇ ਹੀ ਇਹ ਸੰਤ ਸਿਪਾਹੀਪੁਣੇ ਦੀ ਲੋੜ ਮਹਿਸੂਸ ਕੀਤੀ॥ ਇਸੇ ਕਰਕੇ ਆਪ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ॥ ਆਪ ਨੇ ਸਿੱਖਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਕਿਹਾ॥ ਆਪ ਦੇ ਦਰਬਾਰ ਵਿਚ ਵੀ ਸ਼ਸਤਰ ਅਭਿਆਸ ਹੋਣ ਲਗ ਪਿਆ॥ ਆਪ ਦੇ ਹੁਕਮ ਨਾਮੇ ਵਿਚ ਇਹ ਸ਼ਬਦ ਮਿਲਦੇ ਹਨ ਕਿ "ਅਸਾਡੀ ਖੁਸ਼ੀ ਹੈ ਜੋ ਘੋੜੇ ਸ਼ਸਤਰ ਲੈ ਕੇ ਆਵਣਾ"
(ਵੇਖੋ ਹੁਕਮਨਾਮੇ, ਸੰਪਾਦਿਤ ਡਾ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ)

ਆਪ ਨੇ ਆਪਣੇ ਜੀਵਨ ਕਾਲ ਵਿਚ ਜ਼ਾਲਿਮ ਹਕੂਮਤ ਨਾਲ ਚਾਰ ਵਾਰੀ ਵੱਡੀ ਟੱਕਰ ਲਈ ਅਤੇ ਚਾਰੇ ਵਾਰ ਹੀ ਜਿੱਤ ਪ੍ਰਾਪਤ ਕੀਤੀ ਜਿਸ ਨਾਲ ਹਕੂਮਤ ਨੂੰ ਕਰਾਰੀ ਹਾਰ ਹੋਈ॥ ਆਪ ਬੜੇ ਬਹਾਦਰ ਜੋਧੇ ਤੇ ਤਲਵਾਰ ਦੇ ਧਨੀ ਸਨ॥ ਇਸ ਬਾਰੇ ਭਾ: ਗੁਰਦਾਸ ਜੀ ਨੇ ਲਿਖਿਆ ਹੈ:—

"ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ"

ਖ਼ਾਲਸਾ ਰਾਜ ਅੰਗਰੇਜ਼ਾਂ ਨੇ ਗਦਾਰੀਆਂ ਦੇ ਸਿਰ ਤੇ ਬਹੁਤਾ ਕਾਲ ਖ਼ਤਮ ਕੀਤੇ ਹੋਏ ਸਨ॥ ਅੰਤ ਨੇ ਪੰਜਾਬ ਦੇ ਆਖ਼ਰੀ ਰਾਜਿਆਂ ਦੀ ਸ਼ਾਸਨ ਨਾਲ ਖ਼ਾਲਸਾ ਨੇ ਰਾਜ ਨੂੰ ਵੀ ਉਥੋਂ ਹੀ ਖ਼ਤਮ ਕਰ ਦਿਤਾ॥ ਪਰ ਜਦ ਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਨੂੰ ਭਾਰਤ ਵਿਚ ਬਾਹਰ ਕੱਢਣ ਲਈ ਉਸ ਨੂੰ ਕੋਈ ਸੌਖ ਨਹੀਂ ਲਗਣਾ ਹੈ ਕਿਉਂਕਿ ਤੇ ਪੰਜਾਬ ਦੇ ਉਨ੍ਹਾਂ ਆਪਣੇ ਸੂਰਮਿਆਂ ਤੋਂ ਇਸ ਬਾਰੇ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਖ਼ਾਲਸਾ ਤੂੰ ਇਸ ਤਰ੍ਹਾਂ ਪੰਜਾਬ ਨੂੰ ਖ਼ਤਮ ਕੀਤਾ ਹੋਇਆ ਹੈ ਇਸ ਕਰਕੇ ਤੇਰੇ ਤੋਂ ਨਹੀਂ ਹੋਣਾ ਤਾਂ ਉਸ ਨੂੰ ਹੁਕਮ ਭੇਜ ਦਿਤਾ ਕਿ

ਸਿਖਾਂ ਦੇ ਗੁਰੂ ਹਰਿ ਗੋਬਿੰਦ ਨੂੰ ਕੈਦ ਤੋਂ ਮੁਕਤਿ ਕਰ ਦਿਤਾ ਜਾਵੇ ਪਰ ਗੁਰੂ ਜੀ ਨੇ ਇਕਾਈ ਤੋਂ ਇਨਕਾਰ ਕਰ ਦਿਤਾ॥ ਕਿਹਾ ਕਿ ਜਦ ਤਕ ਇਹ ਸਾਰੇ ਰਾਜੇ ਕੈਦ ਮੁਕਤ ਨਹੀਂ ਕੀਤੇ ਜਾਂਦੇ ਮੈਂ ਇਕੱਲੇ ਨਹੀਂ ਜਾਣਾ॥ ਉਧਰ ਜਹਾਂਗੀਰ ਨੂੰ ਵੀ ਜਾਨ ਤੇ ਬਣੀ ਹੋਈ ਸੀ ਉਸ ਦੀ ਬੀਵੀ ਨੂਰਜਹਾਂ ਵੀ ਜੋ ਸ਼ਰਧਾਲੂ ਸੀ ਤਾਂ ਵੀ ਆਖਦੀ ਸੀ॥ ਆਖਿਰ ਉਸ ਨੇ ਹੁਕਮ ਭੇਜਿਆ ਕਿ ਜਿਹੜੇ ਰਾਜੇ ਗੁਰੂ ਹਰਿ ਗੋਬਿੰਦ ਦਾ ਪਲਾ ਫੜ ਕੇ ਬਾਹਰ ਨਿਕਲ ਸਕਣ ਉਹਨਾਂ ਨੂੰ ਰਿਹਾ ਕੀਤਾ ਕਰ ਦਿਤਾ ਜਾਵੇ॥ ਉਤੇ ਗੁਰੂ ਜੀ ਬਵੰਜਾ (੫੨) ਕਲੀਆਂ ਵਾਲਾ ਚੋਲਾ ਸਿਲਾਇਆ ਤੇ ਹਰ ਰਾਜੇ ਨੂੰ ਇਕ ਇਕ ਕਲੀ ਦਾ ਪਲਾ ਪਕੜਾ ਦਿਤਾ ਇਸ ਤਰਾਂ ਸਾਰੇ ਹੀ ਬਵੰਜਾ ਰਾਜਿਆਂ ਨੂੰ ਬੰਦੀ ਮੁਕਤ ਕਰਾ ਦਿਤਾ ਜਿਸ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਦਾ ਨਾਮ 'ਬੰਦੀ ਛੋੜ' ਸਤਿਗੁਰੂ ਪੈ ਗਿਆ॥

ਆਪ ਆਪਣਾ ਸੰਪੂਰਨ ਸਮੇਂ ਜੀਵਨ ਬਤੀਤ ਕਰ ਕੇ ਚੇਤਰ ਦਸੀ ਰੰਗੀ ਸੰਮਤ ੧੭੦੧ ਬਿਕ੍ਰਮੀ ਨੂੰ ਜੋਤੀ ਜੋਤ ਸਮਾ ਗਏ ਤੇ ਗੁਰ ਗੱਦੀ ਆਪਣੇ ਪੋਤਰੇ ਹਰਿ ਰਾਏ ਨੂੰ ਦੇ ਗਏ॥

ਗੁਰੂ ਹਰਿ ਰਾਏ ਜੀ:— ਗੁਰੂ ਹਰਿਗੋਬਿੰਦ ਜੀ ਦੇ ਬਾਬਾ ਗੁਰਦਿਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਦੀ ਕੁਖੋਂ ਮਾਘ ਸੁਦੀ ਤ੍ਰੌਦਸੀ ਸੰਮਤ ੧੬੮੭ ਨੂੰ ਕੀਰਤਪੁਰ ਵਿਖੇ ਅਵਤਾਰ ਧਾਰਿਆ॥ ਆਪ ਬਹੁਤ ਹੀ ਸੰਜਮੀ ਸਾਧੂ ਸੁਭਾ ਦੇ ਮਾਲਕ ਸਨ॥ ਬਚਪਨ ਅਵਸਥਾ ਵਿਚ ਹੀ ਇਕ ਵਾਰੀ ਆਪ ਆਪਣੇ ਦਾਦਾ ਸਾਹਿਬ ਗੁਰੂ ਹਰਿ ਗੋਬਿੰਦ ਜੀ ਨਾਲ ਬਾਗ ਦੀ ਸੈਰ ਕਰ ਰਹੇ ਸਨ ਕੇ ਆਪ ਦੇ ਚੋਲੇ ਨਾਲ ਅੜ ਕੇ ਇਕ ਫੁਲ ਟੁਟ ਗਿਆ॥ ਗੁਰੂ ਹਰਿਗੋਬਿੰਦ ਜੀ ਨੇ ਪਿਛੋਂ ਪਰਤ ਕੇ ਵੇਖਿਆ ਤਾਂ ਆਪ ਟੁਟੇ ਹੋਏ ਫੁਲ ਨੂੰ ਟਹਿਣੀ ਨਾਲ ਜੋੜਨ ਦਾ ਜਤਨ ਕਰ ਰਹੇ ਸਨ ਇਹ ਵੇਖ ਕੇ ਗੁਰੂ ਹਰਿ ਗੋਬਿੰਦ ਸਾਹਿਬ ਨੇ ਕਿਹਾ ਕਿ ਜੇ ਜਾਮਾ ਚੋਲਾ ਸੰਭਾਲ ਕੇ ਤੁਰੋਗੇ ਤਾਂ ਫੁਲ ਟੁਟਦਾ ਨਹੀਂ॥ ਬਸ ਉਸੇ ਦਿਨ ਤੋਂ ਹਰਿ ਰਾਏ ਜੀ ਸਦਾ ਆਪਣਾ ਚੋਲਾ ਹਥਾਂ ਵਿਚ ਸਮੇਟ ਕੇ ਚਲਦੇ॥ ਉਹਨਾਂ ਦੇ ਅੰਦਰਿ ਕਵਿਤ੍ਰ ਦੇਖ ਕੇ ਉਹਨਾਂ ਦੇ ਨਾਲ ਨਾਲ 'ਗੁਰੂ' ਸ਼ਬਦ ਦੀ ਵਰਤੋਂ ਤਾਂ ਉਹਨਾਂ ਦੀ ਕਰ ਸਾਲ ਦੀ ਉਮਰ ਵਿਚ ਹੀ ਆਰੰਭ ਹੋ ਗਈ ਸੀ॥

ਗੁਰੂ ਹਰਿ ਰਾਏ ਜੀ ਨੇ ਆਪਣੇ ਜੀਵਨ ਕਾਲ ਵਿਚ ਕੋਈ ਜੰਗ ਨਹੀਂ ਕੀਤੀ ਤੇ ਆਪਣੇ ਸਿਖਾਂ ਵਿਚ ਕੇਵਲ ਭਗਤੀ ਦਾ ਹੀ ਪਰਚਾਰ ਕੀਤਾ ਜਾਂਦੇ ਉਹਨਾਂ

ਪਾਸ ਬਾਣੀ ਸੁਣਨ ਲਈ ਵਿਚ ਰਹਿਣ ਲਗੇ॥

ਆਪ ਜੀ ਦੇ ਵਿਰੋਧੀਆਂ ਨੇ ਭੀ ਬਾਦਸ਼ਾਹ ਔਰੰਗਜ਼ੇਬ ਪਾਸ ਕਈ ਸ਼ਿਕਾਇਤਾਂ ਕੀਤੀਆਂ ਜਿਸ ਕਰਕੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾ ਭੇਜਿਆ॥ ਆਪ ਨੇ ਆਪਣੀ ਜਗ੍ਹਾ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਭੇਜ ਦਿਤਾ॥ ਰਾਮ ਰਾਏ ਨੇ ਔਰੰਗਜ਼ੇਬ ਨੂੰ ਕਈ ਕਰਾਮਾਤਾਂ ਵਿਖਾ ਕੇ ਆਪਣਾ ਪੱਕੀ ਬਣ ਲਿਆ ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਇਕ ਸ਼ਬਦ ਨੂੰ ਉਸ ਨੇ ਇਸ ਕਰਕੇ ਗਲਤ ਪੜ੍ਹਿਆ ਕਿ ਉਸ ਦੀ ਔਰੰਗਜ਼ੇਬ ਨਾਲ ਬਣੀ ਰਹੇ॥ ਬਾਣੀ ਵਿਚ ਲਿਖਿਆ ਹੈ "ਮਿਟੀ ਮੁਸਲਮਾਨ ਕੀ ਪੇੜੈ ਪਈ ~~ਘੁੰਮਿਆਰ~~ ਕੁੰਮਿਆਰ। ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ॥" ਪਰ ਬਾਦਸ਼ਾਹ ਦੀ ਨਾਰਾਜ਼ਗੀ ਨੂੰ ਖਿਆਲ ਵਿਚ ਰਖ ਕੇ ਉਸ ਨੂੰ ਖੁਸ਼ ਕਰਨ ਲਈ ਰਾਮ ਰਾਏ ਨੇ ਪੜ੍ਹਿਆ "ਮਿਟੀ ਬੇਈਮਾਨ ਕੀ ਪੇੜੈ ਪਈ ~~ਘੁੰਮਿਆਰ~~ ਕੁੰਮਿਆਰ......" ਜਦੋਂ ਇਸ ਗਲ ਦਾ ਪਤਾ ਗੁਰੂ ਹਰਿਰਾਇ ਜੀ ਨੂੰ ਲਗਾ ਤਾਂ ਉਨ੍ਹਾਂ ਰਾਮ ਰਾਏ ਦੀ ਕਮਜ਼ੋਰੀ ਨੂੰ ਵੇਖ ਕੇ ਹੁਕਮ ਦੇ ਦਿਤਾ ਕਿ ਉਹ ਸਾਡੇ ਮੱਥੇ ਨਾ ਲਗੇ॥ ਜਦ ਉਸ ਨੂੰ ਕਰਾਮਾਤਾਂ ਦੀ ਸ਼ਕਤੀ ਦੇ ਕੇ ਭੇਜਿਆ ਸੀ ਤਾਂ ਉਸ ਨੂੰ ਵੈਸੇ ਬਾਣੀ ਦੀ ਕੋਈ ਫ਼ਿਕਰ ਸੀ ਜੋ ਔਰੰਗਜ਼ੇਬ ਨੂੰ ਕਥਾਵਾਂ ਸੁਣਾਉਂਦਿਆਂ ਹੋਇਆਂ ਭੀ ਇਹ ਪਤਾ ਲਗਦਾ ਸੀ ਕਿ ਉਸ ਨੇ ਬਾਣੀ ਬਦਲੀਤਾ ਹੈ ਜੋ ਗੁਰੂ ਨਾਨਕ ਦੀ ਬਾਣੀ ਨੂੰ ਬਦਲਿਆ ਹੈ ਤਾਂ ਉਸ ਦਾ ਸਾਡੇ ਨਾਲ ਕੋਈ ਸੰਬੰਧ ਨਹੀਂ ਰਿਹਾ॥

ਆਪ ਆਪਣੇ ਛੋਟੇ ਸਾਹਿਬਜ਼ਾਦੇ ਨੂੰ ਕੇਵਲ ਪੰਜ ਸਾਲ ਦੀ ਅਵਸਥਾ ਵਿਚ ਸਨ ਉਨ੍ਹਾਂ ਨੂੰ ਗੁਰਗੱਦੀ ਸੌਂਪ ਕੇ ਕਤਕ ਵਦੀ ਨੌਮੀ ਸੰਮਤ ਬਿਕ੍ਰਮੀ ੧੭੧੮ (1718) ਨੂੰ ਜੋਤੀ ਜੋਤਿ ਸਮਾ ਗਏ॥

ਗੁਰੂ ਹਰਿ ਕ੍ਰਿਸ਼ਨ ਜੀ।— ਗੁਰੂ ਹਰਿ ਕ੍ਰਿਸ਼ਨ ਜੀ ਗੁਰੂ ਹਰਿ ਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਸਾਵਣ ਵਦੀ ਦਸਵੀਂ ਸੰਮਤ ੧੭੧੩ ਬਿਕ੍ਰਮੀ ਨੂੰ ਕੀਰਤਪੁਰ ਵਿਚ ਅਵਤਾਰ ਧਾਰਿਆ॥ ਆਪ ਆਪਣੀ ਛੋਟੀ ਉਮਰ ਵਿਚ ਹੀ ਗੁਰੂ ਨਾਨਕ ਦੀ ਗੱਦੀ ਨੂੰ ਸੰਭਾਲਣ ਦੇ ਯੋਗ ਸਨ॥ ਆਪ ਜਿਸ ਵਲ ਵੇਖਦੇ ਉਸ ਦੇ ਦੁਖ ਦੂਰ ਕਰ ਦੇਂਦੇ ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਕਿ "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ"

ਆਪ ਨੇ ਇਕ ਨਿਸ਼ਚਾ ਕੀਤਾ ਹੋਇਆ ਸੀ ਕਿ ਕਦੀ ਭੀ

ਇਸੇ ਤਰ੍ਹਾਂ ਕੇ ਦੋ ਮੰਦੇ ਨਹੀਂ ਬਣਨਾ॥ ਆਪ ਨੂੰ ਅੰਗ ਸੰਗ ਜਾਣ ਕੇ ਸਭ ਵਿਸ਼ੀ ਚੁਣਾ ਕੇ ਜਿਸ ਆਪਣੇ ਮਨ ਨੂੰ ਸਮਝਾਈ ਵਿਸ਼ੀ ਦਸ ਨੂੰ ਛੂਹ ਕਰ ਦਿਤਾ ਤੇ ਜਗਤ ਵਿਚ ਆਪਣੇ ਸਿਖਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਗਏ ਨਾਲੇ ਇਸੇ ਤਰਾਂ ਸਿਖੀ ਦਾ ਪਰਚਾਰ ਕਰਦੇ ਗਏ॥

ਜਗਤ ਵਿਚ ਅੰਬਾਲਾ ਦੇ ਨੇੜੇ 'ਪੰਜੋਖਰੇ' ਪਿੰਡ ਵਿਚ ਗੁਰੂ ਜੀ ਨੇ ਡੇਰਾ ਕੀਤਾ॥ ਉਸ ਪਿੰਡ ਵਿਚ ਇਕ ਬੜਾ ਵਿਦਵਾਨ ਪੰਡਿਤ ਰਹਿੰਦਾ ਸੀ॥ ਜਦ ਉਹ ਸਵੇਰ ਸਾਰ ਬਾਹਰ ਜੰਗਲ ਪਾਣੀ ਜਾ ਰਿਹਾ ਸੀ ਤਾਂ ਕੀ ਵੇਖਦਾ ਹੈ ਕਿ ਕੋਈ ਬੜਾ ਭਾਰੀ ਡੇਰਾ ਉਤਰਿਆ ਹੋਇਆ ਹੈ ਕਈ ਤੰਬੂ ਲਗੇ ਹੋਏ ਤੇ ਘੋੜੇ ਬਧੇ ਹੋਏ ਸਨ ਤਾਂ ਉਸ ਨੇ ਪੁਛਿਆ ਇਹ ਕਿਸ ਦਾ ਡੇਰਾ ਹੈ? ਇਕ ਸਿਖ ਨੇ ਦਸਿਆ ਕਿ ਇਹ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਗੁਰੂ ਜੀ ਦਾ ਡੇਰਾ ਹੈ ਆਪ ਦਿਲੀ ਵੱਲ ਜਾ ਰਹੇ ਹਨ॥ ਪੰਡਿਤ ਨੇ ਸੋਚਿਆ ਕਿ ਗੁਰੂ ਨਾਨਕ ਦੀ ਗਦੀ ਦਾ ਮਾਲਕ ਤੇ ਕੋਈ ਬੜਾ ਵਿਦਵਾਨ ਅਤੇ ਸਭ ਵੇਦਾਂ ਸ਼ਾਸਤਰਾਂ ਦਾ ਗਿਆਤਾ ਹੀ ਹੋਵੇਗਾ॥ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ ਤਾਂ ਉਸ ਨੇ ਇਕ ਸਿਖ ਨੂੰ ਪੁਛਿਆ ਕਿ ਸ੍ਰੀ ਗੁਰੂ ਜੀ ਦੀ ਆਯੂ ਕਿਤਨੀ ਹੈ ਤਾਂ ਸਿਖ ਨੇ ਜਵਾਬ ਦਿਤਾ ਕਿ ਕੋਈ ਸਤ ਸਾਲ ਦੀ ਹੈ॥ ਤਾਂ ਪੰਡਿਤ ਕਹਿਣ ਲਗਾ ਸਤ ਸਾਲ ਦਾ ਬੱਚਾ ਕੀ ਗਿਆਨੀ ਹੋ ਸਕਦਾ ਹੈ? ਕੀ ਉਸ ਦਾ ਨਾਮ ਕੀ ਹੈ? ਤਾਂ ਇਕ ਦੇ ਉਤੇ ਇਕ ਸਿਖ ਨੇ ਕਿਹਾ ਕਿ ਉਨ੍ਹਾਂ ਦਾ ਨਾਮ ਗੁਰੂ ਹਰਿਕ੍ਰਿਸ਼ਨ ਹੈ ਇਹ ਸੁਣ ਕੇ ਪੰਡਿਤ ਹੋਰ ਵੀ ਅਸਚਰਜ ਹੋਇਆ ਤੇ ਕਹਿਣ ਲਗਾ ਨਾਮ ਤੇ ਬੜਾ ਦੀਰਘ ਰਖਿਆ ਹੋਇਆ 'ਕ੍ਰਿਸ਼ਨ' ਨੇ ਗੀਤਾ ਰਚੀ ਸੀ ਤੇ "ਹਰਿਕ੍ਰਿਸ਼ਨ" ਉਸ ਗੀਤਾ ਦੇ ਇਕ ਸਲੋਕ ਦਾ ਅਰਥ ਭੀ ਨਹੀਂ ਕਰ ਸਕੇਗਾ॥ ਪਾਠ ਉਸ ਦੇ ਦਰਸ਼ਨ ਕਰਕੇ ਕੀ ਕਰਾਂਗਾ?

